ਨਾਮਧਾਰੀ ਹੋਲਾ ਮਹੱਲਾ

8, 9, 10 ਅਤੇ 11 ਮਾਰਚ 1985

ਸਤਿਗੁਰੂ ਰਾਮ ਸਿੰਘ ਜੀ ਨਗਰ, ਰਾਜਾ ਗਾਰਡਨ, ਰਿੰਗ ਰੋਡ, ਨਵੀਂ ਦਿੱਲੀ

Namdhari Hola Mahalla

8, 9, 10 and 11 March, 1985

Satguru Ram Singh Ji Nagar,
Raja Garden, Ring Road, New Delhi

नामधारी होला महल्ला

8, 9, 10 तथा 11 मार्च, 1985

सतगुरु राम सिंह जी नगर,
राजा गार्डन, रिंग रोड, नई दिल्ली



Satguru Jagjit Singh Ji



ਮੁਖ-ਸ਼ਬਦ

ਦਿੱਲੀ ਵਿਚ ਹੋਲੇ ਮਹੱਲੇ ਦਾ ਇਹ ਤੀਸਰਾ ਸਮਾਗਮ 8, 9, 10 ਅਤੇ 11 ਮਾਰਚ, 1985 ਨੂੰ "ਸਤਿਗੁਰੂ ਰਾਮ ਸਿੰਘ ਜੀ ਨਗਰ" ਰਾਜਾ ਗਾਰਡਨ, ਰਿੰਗ ਰੋਡ ਵਿਖੇ ਹੋ ਰਿਹਾ ਹੈ। ਦਿੱਲੀ ਵਿਚ ਹੋਲੇ ਮਹੱਲੇ ਦਾ ਪਹਿਲਾ ਸਮਾਗਮ 1956 ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ ਸੀ। ਦੂਸਰਾ ਸਮਾਗਮ 1966 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ ਅਤੇ ਇਹ ਤੀਸਰਾ ਸਮਾਗਮ 1985 ਵਿਚ ਹਜ਼ੂਰ ਸ੍ਰੀ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ ਬੜੀ ਧੂਮ ਧਾਮ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਨਾਮਧਾਰੀਆਂ ਵਿਚ ਹੋਲੇ ਮਹੱਲੇ ਦੇ ਸਮਾਗਮ ਦੀ ਰੀਤੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਹੀ ਸ਼ੁਰੂ ਕੀਤੀ ਗਈ ਸੀ। ਜਿਸ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ-ਮਰਯਾਦਾ ਤੇ ਅਸੂਲਾਂ ਨੂੰ ਪੁਨਰ ਜਨਮ ਦਿੱਤਾ, ਉਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਤ ਹੋਲਾ ਮਹੱਲਾ ਮਨਾਏ ਜਾਣ ਦੀ ਰੀਤੀ ਨੂੰ ਵੀ ਸੁਰਜੀਤ ਕੀਤਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ 6 ਹੋਲੇ ਮਹੱਲਿਆਂ ਦੇ ਸਮਾਗਮ ਹੋਏ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਵਕਤ ਅੰਗ੍ਰੇਜ਼ ਸਰਕਾਰ ਵਲੋਂ ਭਾਰੀ ਸਖਤੀਆਂ ਦੇ ਬਾਵਜੂਦ ਹੋਲੇ ਮਹੱਲੇ ਦੇ 8 ਸਮਾਗਮ ਹੋਏ। ਇਸ ਤੋਂ ਬਾਦ ਹਰ ਸਾਲ ਇਹ ਸਮਾਗਮ ਹੁੰਦੇ ਚਲੇ ਆ ਰਹੇ ਹਨ, ਸਗੋਂ ਕਈ ਵਾਰ ਇਕ ਦੇ ਬਜਾਏ ਦੋ ਸਮਾਗਮ ਵੀ ਕੀਤੇ ਗਏ। ਦੇਸ਼ ਵਿਚ ਮਨਾਏ ਜਾਣ ਵਾਲੇ ਹੋਲਿਆਂ ਤੋਂ ਇਲਾਵਾ ਇਕ ਹੋਲਾ 1958 ਵਿਚ ਕੰਪਾਲਾ (ਯੂਗੰਡਾ), 1972 ਵਿਚ ਬੈਂਕਾਕ (ਥਾਈਲੈਂਡ), 1981 ਵਿਚ ਬਰਮਿੰਘਮ (ਇੰਗਲੈਂਡ) ਵਿਚ ਮਨਾਏ ਗਏ ਅਤੇ ਇਸ ਸਾਲ ਵੀ ਇਸ ਸਮਾਗਮ ਤੋਂ ਇਲਾਵਾ ਹੋਲੇ ਮਹੱਲੇ ਦਾ ਇਕ ਸਮਾਗਮ ਦਾਰ ਸਲਾਮ (ਤਨਜ਼ਾਨੀਆ) ਵਿਚ ਹੋਵੇਗਾ।

1956 ਵਿਚ ਹੋਲੇ ਮਹੱਲੇ ਦਾ ਜੋ ਸਮਾਗਮ ਦਿੱਲੀ ਵਿਚ ਹੋਇਆ ਸੀ, ਉਹ ਆਪਣੀ ਮਿਸਾਲ ਆਪ ਹੀ ਸੀ। ਜਿੰਨ੍ਹਾਂ ਦਰਸ਼ਕਾਂ ਨੇ ਉਸ ਸਮਾਗਮ ਦਾ ਅਨੰਦ ਮਾਣਿਆ ਸੀ, ਉਹਨਾਂ ਦੇ ਦਿਲਾਂ ਤੇ ਉਸ ਦੀ ਛਾਪ ਅਜੇ ਵੀ ਮਿਲੇਗੀ। 1985 ਦੇ ਇਸ ਸਮਾਗਮ ਦੀ ਇਕ ਨਵੀਂ ਮਿਸਾਲ ਹੀ ਕਾਇਮ ਕਰਨ ਦਾ ਪ੍ਰੋਗ੍ਰਾਮ ਸੀ, ਪਰ ਸਾਡੀ ਪ੍ਰਿਯ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਦੀ ਗੈਰ-ਕੁਦਰਤੀ ਮੌਤ ਤੋਂ ਬਾਦ ਉਤਪੰਨ ਹੋਈ ਸਥਿਤੀ ਨੇ ਸਮੁੱਚੇ ਹਾਲਾਤ ਨੂੰ ਕਾਫੀ ਡਾਵਾਂ-ਡੋਲ ਬਣਾਈ ਰਖਿਆ, ਜਿਸ ਕਾਰਨ ਨਾਮਧਾਰੀ ਸੰਗਤ—ਦਿੱਲੀ ਪੂਰੇ ਜ਼ੋਰ ਉਤਸ਼ਾਹ ਨਾਲ ਇਸ ਦੀ ਤਿਆਰੀ ਵਲ ਧਿਆਨ ਨਹੀਂ ਦੇ ਸਕੀ। ਫਿਰ ਵੀ ਸਿਰਫ ਦੋ ਮਹੀਨਿਆਂ ਦੀ ਤਿਆਰੀ ਨਾਲ ਮਨਾਏ ਜਾਣ ਵਾਲਾ ਇਹ ਸਮਾਗਮ ਵੀ ਇਕ ਅਦੁਤੀ ਸਮਾਗਮ ਹੋਵੇਗਾ।

ਨਾਮਧਾਰੀ ਸੰਗਤ, ਦਿੱਲੀ ਅਤੇ ਨਾਮਧਾਰੀ ਦਰਬਾਰ ਲਈ ਇਹ ਇਕ ਗੌਰਵ ਵਾਲੀ ਗੱਲ ਹੈ ਕਿ ਇਸ ਦੇ ਅਹੁਦੇਦਾਰਾਂ ਦੀ ਦੇਖ ਰੇਖ ਵਿਚ ਨਾਮਧਾਰੀ ਪੰਥ ਦੇ ਬਹੁਤ ਸਾਰੇ ਉਸਾਰੂ ਕੰਮ ਸ਼ੁਰੂ ਹੋਏ ਹਨ—ਜਿਸ ਤਰ੍ਹਾਂ—ਦਿੱਲੀ ਵਿਚ ਇੰਗਲਿਸ਼ ਮੀਡੀਅਮ ਨਾਮਧਾਰੀ ਸਕੂਲ ਦੀ ਸਥਾਪਨਾ, ਸਮੇਂ ਸਮੇਂ ਨਾਮਧਾਰੀ ਪੁਸਤਕਾਂ ਦਾ ਛਪਣਾ, ਸ੍ਰੀ ਸਤਿਗੁਰੂ ਜੀ ਦੀਆਂ ਅਤੇ ਹੋਰ ਇਤਿਹਾਸਕ ਤਸਵੀਰਾਂ ਦਾ ਛਪ ਕੇ ਨਾਮਧਾਰੀਆਂ ਪਾਸ ਪੁਜਦੇ ਰਹਿਣਾ, ਗੁਟਕੇ ਜਦੋਂ ਵੀ ਖਤਮ ਹੋਣ ਲਗਣ ਤਾਂ ਨਵੇਂ ਛਪ ਜਾਣੇ ਨਾਮਧਾਰੀ ਡਾਇਰੈਕਟਰੀ ਅਤੇ ਨਾਮਧਾਰੀ ਡਾਇਰੀਆਂ ਦਾ ਪ੍ਰਕਾਸ਼ਤ ਹੋਣਾ ਆਦਿ। ਇਸ ਸਮਾਗਮ ਵੇਲੇ ਵੀ ਜਿਸ ਢੰਗ ਨਾਲ ਪ੍ਰਚਾਰ ਹੋਇਆ ਹੈ, ਪ੍ਰੈਸ-ਕਾਨਫਰੰਸਾਂ ਹੋਈਆਂ ਹਨ, ਅਖਬਾਰਾਂ ਵਿਚ ਤੇ ਹੋਰ ਇਸ਼ਤਿਹਾਰ ਛਪੇ ਹਨ, ਹੋਲੇ ਵਿਚ ਕਈ ਸੰਮੇਲਨ ਹੋ ਰਹੇ ਹਨ, ਕਈ ਮਹਾਨ ਹਸਤੀਆਂ ਦਾ ਇਸ ਸਮਾਗਮ ਵਿਚ ਪੁਜਣਾ ਮੰਜ਼ੂਰ ਕਰਿਆ ਹੈ, ਇਹ ਹਥਲਾ ਯਾਦਗਾਰੀ ਅੰਕ ਅਤੇ ਨਵਾਂ ਨਾਮਧਾਰੀ ਗੁਟਕਾ ਆਪ ਪਾਸ ਪੁਜ ਰਹੇ ਹਨ, ਇਸ ਸਭ ਦਾ ਸ਼ਰੇਅ ਨਾਮਧਾਰੀ ਸੰਗਤ—ਦਿੱਲੀ ਤੇ ਨਾਮਧਾਰੀ ਦਰਬਾਰ ਨੂੰ ਹੀ ਜਾਂਦਾ ਹੈ।

ਇਸ ਹੋਲੇ ਮਹੱਲੇ ਦੇ ਸਮਾਗਮ ਨੂੰ ਪੂਰੀ ਸਫਲਤਾ ਨਾਲ ਸਿਰੇ ਚੜ੍ਹਾਉਣ ਲਈ ਨਾਮਧਾਰੀ ਸੰਗਤ—ਦਿੱਲੀ ਨੇ ਪੂਰੇ ਸਾਲ ਤੋਂ ਇਕ ਕਮੇਟੀ ਦਾ ਗਠਨ ਕੀਤਾ ਹੋਇਆ ਹੈ। ਸਮਾਗਮ ਵੇਲੇ ਇਸ ਦੇ ਸਮੁੱਚੇ ਕੰਮਾਂ ਨੂੰ ਬੜੀ ਸਿਆਣਪ ਨਾਲ ਵੰਡਿਆ ਹੈ, ਜਿਸ ਤਰ੍ਹਾਂ ਸਾਰੇ ਖਰਚੇ ਪੂਰੇ ਕਰਨ ਲਈ ਉਗਰਾਹੀ ਕਮੇਟੀ, ਆਟਾ-ਦਾਲਾਂ ਅਤੇ ਲੰਗਰ ਆਦਿ ਤਿਆਰ ਕਰਨ ਲਈ ਮਾਈਆਂ ਦਾ ਜਥਾ,

ਲੰਗਰ ਵਰਤਾਉਣ ਲਈ ਨੌਜਵਾਨਾਂ ਦਾ ਜਥਾ, ਰਾਸ਼ਨ ਪਾਣੀ ਖਰੀਦਣ ਲਈ ਇਕ ਪਰਚੇਜ਼ ਕਮੇਟੀ, ਬਾਹਰੋਂ ਆਏ ਦਰਸ਼ਕਾਂ ਦਾ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡੇ ਤੇ ਸਵਾਗਤ ਕਰਕੇ ਉਥੋਂ ਠੌਹਰ-ਸਥਾਨ ਤਕ ਲੈ ਆਉਣ ਲਈ ਟਰਾਂਸਪੋਰਟ ਕਮੇਟੀ, ਬਾਹਰੋਂ ਆਏ ਦਰਸ਼ਕਾਂ ਦੀ ਰਿਹਾਇਸ਼ ਦਾ ਪ੍ਰਬੰਧ ਕਰਨ ਲਈ ਇਕ ਡੇਰਾ ਕਮੇਟੀ, ਇਸ ਸਮਾਗਮ ਦੀਆਂ ਖਬਰਾਂ ਆਪ ਸਭ ਤਕ ਪਹੁੰਚਾਉਣ ਲਈ ਇਕ ਪ੍ਰਚਾਰ ਕਮੇਟੀ, ਨਾਮਧਾਰੀ ਚਿਤਰ ਪ੍ਰਦਰਸ਼ਨੀ, ਜੋੜਿਆਂ, ਸਾਈਕਲਾਂ, ਸਕੂਟਰਾਂ ਕਾਰਾਂ ਆਦਿ ਦੀ ਸੰਭਾਲਣਾ, ਪਾਣੀ, ਸਫਾਈ, ਪੰਡਾਲ, ਸੁਰੱਖਿਆ ਅਤੇ ਡਿਸਪੈਂਸਰੀ ਆਦਿ ਦੇ ਪ੍ਰਬੰਧ ਲਈ ਵੱਖ ਵੱਖ ਕਮੇਟੀਆਂ ਦੀ ਸਥਾਪਨਾ ਕੀਤੀ ਗਈ ਹੈ। ਸਮੁਚੀ ਦੇਖ ਰੇਖ ਸ੍ਰ: ਹਰਵਿੰਦਰ ਸਿੰਘ ਹੰਸਪਾਲ ਦੀ ਪ੍ਰਧਾਨਗੀ ਹੇਠ ਇਕ ਜਨਰਲ ਕਮੇਟੀ ਆਪ ਕਰ ਰਹੀ ਹੈ। ਹੰਸਪਾਲ ਜੀ ਦੀ ਸਹਾਇਤਾ ਲਈ ਸ੍ਰ: ਸੁਲੱਖਣ ਸਿੰਘ ਜੀ, ਮੈਂਬਰ ਮੈਟਰੋਪੋਲਿਟਨ ਕੌਂਸਿਲ, ਸੁਖਦੇਵ ਸਿੰਘ ਬਾਲੀ ਨਗਰ, ਬਲਦੇਵ ਸਿੰਘ, ਹਰਮੀਤ ਸਿੰਘ, ਨਾਮਧਾਰੀ ਕਾਲੋਨੀ ਤੇ ਹੋਰ ਕਈ ਨੌਜਵਾਨ ਹਮੇਸ਼ਾ ਤੱਤਪਰ ਰਹਿੰਦੇ ਹਨ। ਇਥੇ ਠਾਕੁਰ ਦਲੀਪ ਸਿੰਘ ਜੀ ਦਾ ਸਹਿਯੋਗ ਵਰਨਣ ਯੋਗ ਹੈ ਜੋ ਪਿਛਲੇ ਕਈ ਦਿਨਾਂ ਤੋਂ ਦਿੱਲੀ ਆਏ ਬੈਠੇ ਹਨ ਅਤੇ ਸਮੁੱਚੇ ਪ੍ਰਬੰਧ ਵਿਚ ਬੜੀ ਦਿਲਚਸਪੀ ਲੈ ਰਹੇ ਹਨ। ਇਸ ਅੰਕ ਦੇ ਅੰਤ [illegible] ਸਬ-ਕਮੇਟੀਆਂ ਦੀਆਂ ਲਿਸਟਾਂ ਵੀ ਛਾਪ ਰਹੇ ਹਾਂ।

ਅਜੇਹੇ ਹੋਲੇ ਮਹੱਲੇ ਦੇ ਸ਼ੁਭ ਮੌਕੇ ਤੇ ਇਹ ਇਕ ਯਾਦਗਾਰੀ ਅੰਕ ਪੇਸ਼ ਕਰਦਿਆਂ ਸਾਨੂੰ ਹਾਰਦਿਕ ਖੁਸ਼ੀ [illegible] ਰਹੀ ਹੈ। ਇਸ ਅੰਕ ਲਈ ਜਿਨ੍ਹਾਂ ਲੇਖਕਾਂ ਨੇ ਆਪਣੀਆਂ ਅਨਮੋਲ ਰਚਨਾਵਾਂ ਭੇਜੀਆਂ ਹਨ, ਅਸੀਂ ਉਹਨਾ ਦੇ ਬਹੁਤ ਧੰਨਵਾਦੀ ਹਾਂ। ਕੁਝ ਰਚਨਾਵਾਂ ਨੂੰ ਇਸ ਅੰਕ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਿਆ, ਉਸ ਲਈ ਖਿਮਾ ਚਾਹੁੰਦੇ ਹਾਂ।

ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਅੰਕ ਵਿਚ ਹੁਣ ਤਕ ਹੋਏ ਨਾਮਧਾਰੀ ਹੋਲੇ ਮਹੱਲੇ ਦੇ ਸਮਾਗਮਾਂ ਦਾ ਵੇਰਵਾ ਦਿੱਤਾ ਜਾ ਸਕਿਆ ਹੈ। ਸ੍ਰ: ਜਸਵਿੰਦਰ ਸਿੰਘ ਦਾ ਇਕ ਖੋਜ ਭਰਪੂਰ ਲੇਖ ਜੋ ਲਿਖਤੀ ਗਵਾਹੀਆਂ ਨਾਲ ਮਰਗੋਈ ਵਿਚ ਹੋਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕਥਿਤ ਦੇਹਾਂਤ ਨੂੰ ਝੁਠਲਾਉਂਦਾ ਹੈ—ਇਕ ਨਵੀਂ ਦੇਣ ਹੈ। ਹੋਰ ਮਹਾਨ ਵਿਦਵਾਨਾਂ ਦੇ ਲੇਖਾਂ ਤੋਂ ਇਲਾਵਾ ਕੁਝ ਤਸਵੀਰਾਂ ਵੀ ਦਿਤੀਆਂ ਗਈਆਂ ਹਨ, ਜਿਨ੍ਹਾਂ ਤੋਂ ਬਹੁ-ਪੱਖੀ ਨਾਮਧਾਰੀ ਸਰਗਰਮੀਆਂ ਦੀ ਜਾਣਕਾਰੀ ਮਿਲਦੀ ਹੈ। ਅਜੇਹਾ ਇਤਿਹਾਸਕ ਦਸਤਾਵੇਜ਼ ਹਰ ਘਰ ਦੀ ਸ਼ੋਭਾ ਹੋਣਾ ਚਾਹੀਦਾ ਹੈ।

ਕੌਮਾਂ ਉਹੋ ਹੀ ਜੀਊਂਦੀਆਂ ਰਹਿੰਦੀਆਂ ਹਨ ਜੋ ਆਪਣੇ ਪਿਛੋਕੜ ਨੂੰ ਭੁਲਦੀਆਂ ਨਹੀਂ, ਸਗੋਂ ਪੂਰਵਜਾਂ ਦੇ ਪਾਏ ਪੂਰਨਿਆਂ ਤੇ ਹਿੰਮਤ ਨਾਲ ਚਲਦੀਆਂ ਹੋਈਆਂ ਅਗੇ ਵਧਦੀਆਂ ਹਨ। ਅਜੇਹੇ ਸਮਾਗਮਾਂ ਤੇ ਪੁਰਬਾਂ ਦਾ ਮਨਾਇਆ ਜਾਣਾ ਅਤੇ ਆਪਣੇ ਇਤਿਹਾਸਕ ਪਿਛੋਕੜ ਤੋਂ ਵਾਕਿਫ ਰਹਿਣਾ ਇਕ ਗੌਰਵ-ਮਈ ਗੱਲ ਹੈ। ਨਾਮਧਾਰੀ ਸੰਗਤ—ਦਿੱਲੀ ਨੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਹਮੇਸ਼ਾਂ ਹੀ ਇਕ ਕਦਮ ਅਗੇ ਵੱਲ ਰਖਿਆ ਹੈ।

ਅੰਤ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਕੋਟਾਨ ਕੋਟ ਧੰਨਵਾਦ ਹੈ ਜਿਨ੍ਹਾਂ ਦੀ ਕਿਰਪਾ ਸਦਕਾ ਹੀ ਅਜੇਹੇ ਪ੍ਰਯੋਜਨਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕਦਾ ਹੈ। ਪਾਠਕਾਂ ਪਾਸੋਂ, ਕਿਸੇ ਵੀ ਭੁਲ ਚੁਕ ਲਈ ਖਿਮਾ ਦੇ ਜਾਚਕ ਹਾਂ।

—ਗੁਰਭਜਨ ਸਿੰਘ
31/27, Old Rajinder Nagar
New Delhi—110060



An artist's impression of Kukas being blown off at Malerkotla in 1872.



The Twelve Sikh Gurus.

ਗੁਰਮੁਖਾਂ ਦਾ ਮੇਲਾ

☐ ਜਗਦੀਸ਼ ਸਿੰਘ 'ਵਰਿਆਮ'

.... ਅਰ ਮਨੁਖਾਂ ਦਾ ਮੇਲਾ ਜਿਥੇ ਹੋਵੇ ਤਾਂ ਗੁਰਮੁਖਾਂ ਦਾ ਮੇਲਾ ਹੋਵੇ। ਮਨਮੁਖਾਂ ਦੀ ਸੰਗਤ ਤੇ ਰਖ ਲਵੀਂ'......

ਸਤਿਗੁਰੂ ਰਾਮ ਸਿੰਘ ਜੀ ਨੇ ਉਪ੍ਰੋਕਤ ਵਾਕ ਨੂੰ ਅਰਦਾਸ ਵਿਚ ਹਰ ਸਮੇਂ ਦੁਹਰਾਉਣ ਲਈ ਸਿਖਾਂ ਨੂੰ ਹੁਕਮ ਕੀਤਾ ਹੈ ਅਤੇ ਹਰ ਨਾਮਧਾਰੀ ਦੀ ਅਰਦਾਸ ਦਾ ਇਹ ਅੰਗ ਹੈ ਕਿ ਗੁਰਮੁਖਾਂ ਦਾ ਮੇਲਾ ਹੋਵੇ।

ਜਦੋਂ ਅਸੀਂ ਗੁਰਬਾਣੀ ਨੂੰ ਵਾਚਦੇ ਹਾਂ ਤਾਂ ਪਤਾ ਲਗਦਾ ਹੈ ਕਿ ਗੁਰੂ ਜੀ ਨੇ ਬਾਣੀ ਵਿਚ ਵੀ ਮਨੁੱਖਾਂ ਦਾ ਵਰਗੀਕਰਨ ਕਿਸੇ ਮਜ਼ਹਬ ਜਾਤ ਜਾਂ ਸ੍ਰੇਣੀ ਦੇ ਆਧਾਰ ਤੇ ਨਹੀਂ ਕੀਤਾ ਸਗੋਂ ਕਰਮਾਂ ਅਤੇ ਗੁਣ ਔਗੁਣਾਂ ਦੇ ਆਧਾਰ ਤੇ ਕੀਤਾ ਹੈ। ਕਿਸੇ ਵਿਅਕਤੀ ਨੂੰ ਉਸਦੇ ਹਿੰਦੂ, ਮੁਸਲਮਾਨ, ਪੰਡਿਤ ਜੋਗੀ ਜਾਂ ਸਨਿਆਸੀ ਆਦਿਕ ਹੋਣ ਕਰਕੇ ਸਲਾਹਿਆ ਜਾਂ ਨਿੰਦਿਆ ਨਹੀਂ ਗਿਆ। ਜਿਹੜੇ ਲੋਕ ਕਿਸੇ ਵੀ ਭੇਖ ਜਾਂ ਮਜ਼ਹਬ ਦੇ ਹੋਣ ਪਰ ਉਹ ਕਰਮਾਂ ਕਰਕੇ 'ਗੁਰਮੁਖ' 'ਭਗਤ' ਸਚਿਆਰ' 'ਹੰਸ' 'ਸੰਤੋਖੀ' ਅਤੇ 'ਗੁਰਦੇਵ' ਹੋਣ ਉਹਨਾਂ ਨੂੰ ਪਰਵਾਨਗੀ ਦਿਤੀ ਗਈ ਹੈ ਅਤੇ ਸਿਫਤ ਸਾਲਾਹ ਕੀਤੀ ਗਈ ਹੈ ਅਤੇ ਜਿਹੜੇ ਲੋਕ 'ਮਨਮੁਖਿ', 'ਸਾਕਤ', 'ਕੁਚਿਆਰ', 'ਬਗਲੇ', ਵਿਸ਼ੈਈ ਅਤੇ ਅਭਿਮਾਨੀ ਹੋਣ ਉਹਨਾਂ ਦੀ ਨਖੇਧੀ ਕੀਤੀ ਗਈ ਹੈ। ਰਿਸ਼ਤੇਦਾਰੀ ਜਾਂ ਬਰਾਦਰੀ ਦੇ ਆਧਾਰ ਤੇ ਸਾਂਝ ਨਹੀਂ ਵਧਾਈ ਸਗੋਂ ਸਚੇ ਗੁਣਾਂ ਦੇ ਆਧਾਰ ਤੇ ਸਾਂਝ ਪਾਉਣ ਦਾ ਆਦੇਸ਼ ਹੈ। ਗੁਰੂ ਨਾਨਕ ਦੇਵ ਜੀ ਦਾ ਤਾਂ ਕਥਨ ਹੈ ਹੀ ਕਿ :-

"ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ,
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ,
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ"
(ਸੂਹੀ ਛੰਤ)

ਪਰ ਇਸ ਦੇ ਉਲਟ ਰਿਸ਼ਤੇਦਾਰੀਆਂ ਦੇ ਸਬੰਧਾਂ ਬਾਰੇ ਲਿਖਿਆ ਹੈ :-

"ਜਾਣਉ ਐਸੀ ਪ੍ਰੀਤਿ ਕੁਟੰਬ ਸਨਬੰਧੀ
ਮਾਇਆ ਮੋਹ ਪਸਾਰੀ"

ਪੋਰਾਣਿਕ ਕਾਲ ਦੀ ਜਿਸ ਅਹਿਮ ਘਟਨਾ ਤੋਂ ਹੋਲੀ-ਹੋਲਾ-ਮਹੱਲਾ ਮਨਾਇਆ ਜਾਣਾ ਆਰੰਭ ਹੋਇਆ ਉਹ ਭਗਤ ਸ਼੍ਰੋਮਣੀ ਗੁਰਮੁਖ ਪ੍ਰਹਿਲਾਦ ਬਾਲਕ ਵਲੋਂ ਆਪਣੇ ਹੀ ਪਿਤਾ ਮਨਮੁਖ ਸਾਕਤ ਤੇ ਨਾਸਤਿਕ ਹਰਨਾਖਸ਼ ਨਾਲ ਟਕਰ ਸੀ। ਹੋਰਨਾਂ ਤਸੀਹਿਆਂ ਬਾਅਦ ਭਗਤ ਨੂੰ ਰਾਮ ਦੇ ਰਾਹ ਤੋਂ ਸਦਾ ਲਈ ਲਾਂਭੇ ਕਰਨ ਵਾਸਤੇ ਭੂਆ ਹੋਲਿਕਾ ਜੀ ਨੇ ਜਤਨ ਕੀਤਾ। ਬਾਲ ਪ੍ਰਹਿਲਾਦ ਨੂੰ ਸਾੜਣ ਵਾਸਤੇ ਭੂਆ ਇਕ ਵਰਦਾਨੀ ਚਾਦਰ ਓੜ ਕੇ ਉਹ ਬੈਠੀ ਅਤੇ ਗੋਦ ਵਿਚ ਭਤੀਜੇ ਪ੍ਰਹਿਲਾਦ ਨੂੰ ਲਿਆ। ਅੱਗ ਦੀਆਂ ਲਾਟਾਂ ਵਿਚ ਉਹ ਖੁਦ ਭਸਮ ਹੋ ਗਈ ਅਤੇ ਪ੍ਰਹਿਲਾਦ ਬਚ ਗਿਆ। ਲੋਹੇ ਦੇ ਤਪਦੇ ਥੰਮ ਨੂੰ ਜੱਫੀਆਂ ਪੁਆਉਣ ਤੇ ਵੀ ਬਾਲ ਭਗਤ ਦਾ ਵਾਲ ਵਿੰਗਾ ਨਾ ਹੋਇਆ ਤਾਂ ਪਿਤਾ ਆਪਣੇ ਪੁਤਰ ਨੂੰ ਖਤਮ ਕਰਨ ਵਾਸਤੇ ਤਲਵਾਰ ਲੈ ਕੇ ਖੜਾ ਹੋ ਗਿਆ ਪਰ ਗੁਰਮੁਖ ਭਗਤ ਨੇ ਮੌਤ ਤੋਂ ਵੀ ਬੇਖੌਫ ਹੋ ਕੇ ਏਲਾਨ ਕੀਤਾ :-

"ਇਕੁ ਰਾਮ ਨ ਛੋਡਉ ਗੁਰਹਿ ਗਾਰਿ
ਮੋਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ"
(ਬਸੰਤ ਕਬੀਰ)

ਉਸ ਵੇਲੇ ਬੇ-ਮੁਖ ਹਰਨਾਖਸ਼ ਨੂੰ ਪਛਾੜਣ ਵਾਸਤੇ ਅਤੇ ਆਦਿ ਜੁਗਾਦਿ ਸੰਤਾਂ ਦੀ ਰਖਿਆ ਦੀ ਗਾਰੰਟੀ ਦੇਣ ਵਾਸਤੇ ਹਰਿ ਆਪ

"ਖੰਭ ਪਾੜਿ ਪਰਗਟਿਆ ਨਰ ਸਿੰਘ
ਰੂਪ ਅਨੂਪ ਅਨਾਦਿ"

ਹੋਲਿਕਾ ਸੜਣ, ਹਰਨਾਕਸ਼ਪ ਮਰਨ ਅਤੇ ਪ੍ਰਹਿਲਾਦ ਦੀ ਜਿਤ ਦੀ ਖਬਰ ਗੁਰਮੁਖਾਂ ਵਾਸਤੇ ਜੈ ਕਾਰ ਦਾ ਅਵਸਰ ਹੋਈ ਅਤੇ ਹੋਲੀ ਦਾ ਤਿਉਹਾਰ ਸਦਾ ਵਾਸਤੇ ਭਾਰਤਵਾਸੀਆਂ ਦੇ ਜਿਹਨਿਆਂ ਨੂੰ ਖਿੜਾਉਣ ਵਾਸਤੇ ਸਥਾਪਤ ਹੋ ਗਿਆ। ਇਹ ਕਥਾ ਸਾਰੀ ਦੁਨੀਆਂ ਦੇ ਗੁਰਮੁਖ ਵਰਗ ਵਾਸਤੇ ਪ੍ਰੇਰਨਾ ਸ੍ਰੋਤ ਬਣੀ ਹੋਈ ਹੈ। ਆਸਾ ਦੀ ਵਾਰ ਦੇ ਰੋਜ਼ਾਨਾ ਕੀਰਤਨ ਵਿਚ ਗੁਰੂ ਰਾਮਦਾਸ ਜੀ ਦਾ ਅੰਤਮ ਛੱਕਾ ਰੋਜ਼ ਸਿਖਾਂ ਨੂੰ ਇਹ ਗਲ ਦ੍ਰਿੜ ਕਰਵਾਉਂਦਾ ਹੈ ਕਿ ਭਗਵਾਨ ਜੁਗਾਂ ਜੁਗਾਂ ਤੋਂ ਭਗਤਾਂ ਦੀ ਪੈਜ ਰਖਦਾ ਆਇਆ ਹੈ। ਉਸ ਨੇ ਹਰਨਾਕਸ਼ ਦੁਸ਼ਟ ਨੂੰ ਮਾਰ ਕੇ ਪ੍ਰਹਿਲਾਦ ਦੀ ਰਖਿਆ ਕੀਤੀ। ਹੰਕਾਰੀ ਹੋਏ ਨਿੰਦਕਾਂ ਨੇ ਪਿਠ ਦੇ ਕੇ ਪਿਆਰੇ ਨਾਮਦੇਵ ਨੂੰ ਗਲੇ ਨਾਲ ਲਾਇਆ ਐਸਾ ਹਰਿ ਸੇਵਕ ਨਾਲ ਅੰਤ ਨੂੰ ਖੜਾ ਹੁੰਦਾ ਹੈ।

ਗੁਰਮੁਖਾਂ ਦੀ ਸਾਕਤਾਂ ਉਤੇ ਜਿਤ ਦੇ ਨਾਲ ਬਸੰਤ ਰੁੱਤ ਦੇ ਸੁਹੱਪਣ, ਧਰਤੀ ਦੇ ਨਿਖਾਰ, ਬਨਸਪਤੀ ਤੇ ਖਿੜਦੇ ਰੰਗ ਬਰੰਗੇ ਫੁੱਲਾਂ ਦੇ ਹੁਸਨ ਅਤੇ ਸੁਗੰਧੀ ਨੇ ਮਨਾਂ ਵਿਚ ਖੇੜਾ ਲੈ ਆਂਦਾ। ਇਸ ਸੁਖਾਵੇਂ ਵਾਤਾਵਰਨ ਵਿਚ ਉਨ੍ਹਾਂ ਖੁਸ਼ ਹੋ ਕੇ ਗੀਤ ਗਾਉਣੇ ਅਤੇ ਨਚਣਾ ਸ਼ੁਰੂ ਕੀਤਾ। ਇਸ ਦੇ ਨਾਲ ਹੀ ਲਾਲ ਗੁਲਾਲ ਦੇ ਰੰਗਾਂ ਨਾਲ ਇਕ ਦੂਜੇ ਨੂੰ ਮੁਬਾਰਕ ਅਤੇ ਰੰਗੀਲਾ ਬਣਾ ਦਿਤਾ। ਹਰ ਪ੍ਰਕਾਰ ਦੀ ਦਵੈਤ ਈਰਖਾ ਭੁਲਾ ਕੇ ਸਭ ਰਾਮ ਹੀ ਰਾਮ ਹੋ ਕੇ ਉਹ ਹਰਿ ਰੰਗ ਵਿਚ ਵੀ ਰੰਗੇ ਗਏ। ਇਵੇਂ ਹੋਲੀ ਰੰਗਾਂ ਦਾ ਤਿਉਹਾਰ ਖੁਸ਼ੀਆਂ ਦਾ ਤਿਉਹਾਰ ਬਣ ਗਿਆ।

ਆਮ ਲੋਕਾਂ ਵਿਚ ਭਾਵੇਂ ਹੋਲੀ ਦੀ ਮੂਲ ਭਾਵਨਾ ਦੇ ਉਲਟ ਰੰਗਾਂ ਦੀ ਥਾਂ ਤਮਾਸ਼ਬੀਨੀ ਵਲ ਵੀ ਚਲੀ ਗਈ ਹੈ ਪਰ ਗੁਰਮੁਖ ਸਾਧੂਆਂ ਨੇ 'ਇਕੁ ਰਾਮੁ ਨ ਛੋਡਉ ਗੁਰਹਿ ਗਾਰਿ' ਨੂੰ ਯਾਦ ਕੀਤਾ। ਜਿਵੇਂ ਇਤਿਹਾਸ ਆਪਣੀ ਸਚਾਈ ਨੂੰ ਮੁੜ ਮੁੜ ਦੁਹਰਾਉਂਦਾ ਹੈ। ਕਈ ਅੰਤਰਾਂ ਅਤੇ [illegible] ਦੇ ਗੁਰ ਤੇ ਕਰਦਾ ਹੈ ਇਵੇਂ ਜੁਗਾਂ ਦੁਗਾਂਤਰਾਂ ਤੋਂ "ਹਰਨਾਖਸ ਦੁਸਟ ਹਰਿ ਮਾਰਿਆ ਪ੍ਰਹਲਾਦ ਤਰਾਇਆ" ਵਾਲੀ ਸਾਖੀ ਦੁਹਰਾਈ ਜਾਂਦੀ ਰਹੀ ਹੈ। ਭਾਵੇਂ ਪਾਤਰਾਂ ਦੇ ਨਾਮ ਸਮਾਂ ਸਥਾਨ ਅਤੇ ਪ੍ਰਸਥਿਤੀਆਂ ਜ਼ਮਾਨੇ ਦੇ ਬਦਲ-ਦੀਆਂ ਰਹੀਆਂ ਹਨ ਪਰ ਹਰ ਵਾਰ ਇਕ ਨਵਾਂ ਹਰਨਾਖਸ ਮਾਰਨ ਦੀਆਂ ਲੋੜਾਂ ਹੁੰਦੀਆਂ ਹਨ। ਇਸੇ ਵਾਸਤੇ ਹੀ ਭਗਤ ਕਬੀਰ ਜੀ ਨੇ ਕਿਹਾ ਹੈ :-

"ਪ੍ਰਹਿਲਾਦ ਉਧਾਰੇ ਅਨਿਕ ਬਾਰ"

ਆਪਣੇ ਸਮੇਂ ਦੇ ਸਤਿਗੁਰੂ ਭਗਵਾਨ ਕ੍ਰਿਸ਼ਨ ਨੇ ਦੁਸ਼ਟਾਂ ਨੂੰ ਮਾਰਿਆ ਅਤੇ ਸੰਤਾਂ ਨੂੰ ਉਭਾਰਿਆ ਅਤੇ ਫੇਰ ਹੋਲੀ ਦੇ ਦਿਨਾਂ ਵਿਚ ਨਰ ਨਾਰੀਆਂ ਨਾਲ ਹੋਲੀ ਖੇਡੀ, ਗੀਤ ਗਾਏ ਅਤੇ ਧਮਾਰ ਆਦਿਕ ਤਾਲਾਂ ਤੇ ਨਾਚ ਕੀਤੇ। ਉਹਨਾਂ ਦੇ ਇਸ ਹੋਲੀ ਸਮਾਗਮ ਦਾ ਦ੍ਰਿਸ਼ ਇਕ ਹੋਰ ਦੁਸ਼ਟ ਦਮਨ ਸਤਿਗੁਰੂ ਜਿਸ ਨੇ ਆਪਣੇ ਸੰਸਾਰ ਆਗਮਨ ਦਾ ਪ੍ਰਯੋਜਨ ਹੀ ਧਰਮ ਚਲਾਉਣਾ, ਸੰਤਾਂ ਨੂੰ ਉਭਾਰਨਾ ਅਤੇ ਸਭ ਦੁਸ਼ਟਾਂ ਨੂੰ ਜੜ੍ਹੋਂ ਪੁਟਣਾ ਦਸਿਆ ਹੈ, ਭਾਵ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਲਮ ਅਤੇ ਕਲਪਨਾ ਨਾਲ ਇਵੇਂ ਵਰਨਣ ਕੀਤਾ ਹੈ :-

ਮਾਘ ਬਤੀਤਿ ਭਏ ਰੁਤ ਫਾਗੁਨ
ਆਇ ਗਈ ਸਭ ਖੇਲਤ ਹੋਰੀ।
ਗਾਵਤ ਗੀਤ ਬਜਾਵਤ ਤਾਰ
ਕਹੈ ਮੁਖ ਤੇ ਭਡੂਆ ਮਿਲ ਜੋਰੀ।
ਡਾਰਤ ਹੈ ਅਲਿਤਾ ਬਨਿਤਾ

ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਡਾਕਟਰ ਭਗਵਾਨ ਦਾਸ ਵਰਮਾ ਮਹਾਰਾਸ਼ਟਰ ਦੇ ਪ੍ਰਸਿਧ ਵਿਦਵਾਨ

ਨੇ ਕਿਹਾ ਹੈ ਕਿ "ਆਪ ਗੁਰੂ ਨਾਨਕ ਦੀ ਮਾਨਵਤਾ, ਗੁਰੂ ਗੋਬਿੰਦ ਸਿੰਘ ਦੀ ਬੀਰਤਾ ਅਤੇ ਗੁਰੂ ਰਾਮ ਸਿੰਘ ਦੀ ਦੇਸ਼ ਭਗਤੀ ਦਾ ਵਿਲੱਖਣ ਮਿਸ਼ਰਣ ਹਨ। ਉਹਨਾਂ ਵਿਚ ਚਿੰਤਨ ਅਤੇ ਕਰਮ ਇਕ ਸਾਥ ਹਨ"। ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿਥੇ ਸਮਾਜ ਨੂੰ ਬਹੁਤੇ ਪੱਖਾਂ ਤੋਂ ਨਵੀਂ ਦਿਸ਼ਾ ਦਿਤੀ ਹੈ ਉਥੇ ਉਹਨਾਂ ਹੋਲੇ ਮਹੱਲੇ ਦੇ ਪੱਗ ਵਿਚ "ਅੰਬਰੋਂ" ਦੇ ਮਾਲਕ ਅਗੰਬੀ ਦੇ ਤਿਆਰੀ, ਵਿਚਾਰਾਂ ਨੂੰ ਗਾਲਣ ਵਾਲੇ ਗੁਰਮੁਖੀ ਚਾਨ ਨੂੰ ਕਾਇਮ ਕਰਣ ਵਾਲੇ ਸਤਿਗੁਰੂ ਬਾਲਕ ਸਿੰਘ ਜੀ ਅਤੇ ਕਲਯੁਗ ਵਿਚ ਸੁਚ ਸੋਧ ਅਤੇ ਨਾਮ ਬਾਣੀ ਦਾ ਪਰਵਾਹ ਜੀ ਚਲਾਉਣ ਵਾਲੇ ਨਾਮਧਾਰੀ ਪੰਥ ਦੇ ਉਸਰੀਏ ਮਹਾ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਅਵਤਾਰ ਪੁਰਬਾਂ ਨੂੰ ਸ਼ਾਮਲ ਕਰਕੇ ਇਕ ਮਹਾਨ ਵੱਡੀ ਪ੍ਰਯੋਜਨ ਦੇ ਰੂਪ ਵਿਚ ਇਸ ਮੇਲੇ ਦਾ ਪਸਾਰ ਕਰ ਦਿਤਾ ਹੈ। ਅਤੇ ਬਹੁਤ ਸਹੀ ਰੂਪ ਵਿਚ ਰਾਮ ਨਾਮ ਦੀ ਪ੍ਰਮੁਖਤਾ ਅਤੇ ਸਤਿਗੁਰੂ ਪੁਰਖ ਦੀ ਮਹਾਨਤਾ ਨੂੰ ਸਥਾਪਤ ਕੀਤੀ ਹੈ। ਗੁਰੂ ਰੂਪੀ ਮਹਾਨ ਤੀਰਥ ਨੂੰ ਪਰਸਨ ਦਾ ਮੌਕਾ ਇਸ ਸੜਦੀ ਬਲਦੀ ਪਾਪ ਗ੍ਰਸਤੀ ਦੁਨੀਆਂ ਨੂੰ ਪ੍ਰਦਾਨ ਕੀਤਾ ਹੈ। ਆਪਣੇ ਇਕ ਅਤੀ ਉਤਮ ਸੰਗਤ ਨੂੰ ਮਾਨਣ ਦਾ ਅਵਸਰ ਮਿਲਜਿਆ ਹੈ ਗੁਰਮੁਖਾਂ ਦੀ ਸੰਗਤ, ਗੁਰਮੁਖਾਂ ਦਾ ਮੇਲਾ ਜਿਹੜਾ ਕੁਲਾਂ ਤਾਰਦਾ ਹੈ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸਤਿ ਸੰਗਤ ਮਾਨ ਸਰੋਵਰ ਹੈ ਅਤੇ ਮਾੜੀ ਸੰਗਤ ਕਰਦੇ ਹੋਏ ਪਾਣੀ ਦੀ ਛੱਪੜੀ ਹੈ। ਉਹ ਆਖਦੇ ਹਨ ਕਿ ਤੁਸੀਂ ਸੰਤ ਸਭਾ ਦੀ ਜੈਕਾਰ ਕਰੋ ਅਤੇ ਗੁਰਮੁਖਾਂ ਵਾਲੇ ਕਰਮ ਕਰੋ। ਜਦੋਂ ਗੁਰੂ ਰੂਪੀ ਤੀਰਥ ਦਰਿਆ ਵਿਚ ਇਸਨਾਨ ਕਰੋਗੇ ਤਾਂ ਨਿਰਮਲ ਹੋ ਜਾਉਗੇ।

"ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ
ਨਿਰਮਲੁ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ,,

ਭਾਰਤ ਦੀ ਰਾਜਧਾਨੀ ਦਿਲੀ ਵਿਚ ਚਾਰ ਦਿਵਸੀ ਸੰਤ ਸਭਾ ਲਗ ਰਹੀ ਹੈ। ਗੁਰੂ ਤੀਰਥ ਪਰਸਨ ਦਾ ਪੁੰਨ ਪ੍ਰਾਪਤ ਕਰਨ ਦਾ ਮੌਕਾ ਮਿਲ ਰਿਹਾ ਹੈ। ਭਗਵਾਨ ਦਾ ਦਾ ਨਾਮ ਸਿਮਰਨ ਅਤੇ ਗੁਰੂ ਦਰਸਨਾਂ ਦਾ ਸੁਭਾਗ ਮੌਕਾ ਮਿਲ ਰਿਹਾ ਹੈ। ਗੁਰਮੁਖਾਂ ਦਾ ਮੇਲਾ ਹੋ ਰਿਹਾ ਹੈ। ਆਓ ਅਰਦਾਸ ਕਰੀਏ ਕਿ ਜਿਸੰ ਮਨੁਖਾਂ ਦਾ ਮੇਲਾ ਹੋਵੇ ਤਾਂ ਗੁਰਮੁਖਾਂ ਦਾ ਮੇਲਾ ਹੋਵੇ। ਗੁਣਵੰਤ, ਗੁਰਮੁਖ, ਭਗਤ ਸਦਿਆਰ, ਹੰਸ, ਇਹਨਾਂ ਦੇ ਗੁਣਾਂ ਦਾ ਵੱਲ ਧਰਤੀ ਤੇ ਵਿਕਾਸ ਹੋਵੇ।

ਛੁਟਕਾ ਸੰਗ ਮਾਰਤ ਖੇਲਨ ਥੋਰੀ।
ਖੇਲਤ ਸਾਮ ਧਮਾਰ ਅਨੂਪ
ਮਹਾ ਮਿਲਿ ਸੁੰਦਰ ਸਾਂਵਲ ਗੋਰੀ।
(ਸ੍ਰੀ ਦਸਮ ਗ੍ਰੰਥ)

ਗੁਰੂ ਅਰਜਨ ਦੇਵ ਜੀ ਨੇ ਸੰਤਾਂ ਦੀ ਸੇਵਾ ਨੂੰ ਹੀ ਹੋਲੀ ਮਨਾਉਣਾ ਕਿਹਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਵਕਤ ਦੇ ਹਰਨਾਖਸ਼ਾਂ ਨੂੰ ਮਾਰਨ ਵਾਸਤੇ ਜੰਗ ਯੁਧ ਕੀਤੇ ਉਥੇ ਹੀ ਭਾਵ ਨਾਲ ਹੋਲੀ ਤੋਂ ਹੋਲਾ ਕਰ ਕੇ ਅਤੇ ਮਹਲਾ ਕਢ ਕੇ ਅਨੰਦਪੁਰ ਵਿਚ ਸੰਗੀ ਕਰਤਬਾਂ ਦੀ ਲੀਹ ਤੋਰੀ, ਜਿਥੇ ਉਹਨਾਂ ਨੇ ਹੋਲੀ-ਹੋਲੇ ਦੇ ਦਿਨਾਂ ਵਿਚ ਮ੍ਰਿਦੰਗਾਂ ਰਬਾਬਾਂ ਹੋਰ ਸਾਜਾਂ ਦੁਆਰਾ ਰਾਗ ਦਰਬਾਰ ਅਤੇ ਗੁਰਬਾਣੀ ਕੀਰਤਨ ਦੀਆਂ ਛਹਿਬਰਾਂ ਲਾਈਆਂ ਉਥੇ ਇਸ ਤਿਉਹਾਰ ਉਤੇ ਕੇਸਰ ਕਸਤੂਰੀ ਅਤੇ ਗੁਲਾਬ ਛਿੜਕ ਕੇ ਸੰਗਤਾਂ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ। ਭਾਈ ਨੰਦ ਲਾਲ ਦੀ ਇਕ ਗਜ਼ਲ (ਗੁਲੇ ਹੋਲੀ ਬਬਾਗੇ ਦਹਰ ਬੂ ਕਰਦ) ਵਿਚ ਹੋਲੀ ਖੇਡਣ ਦਾ ਸੁੰਦਰ ਜ਼ਿਕਰ ਹੈ।

"ਸਤਿਗੁਰੂ ਜੀ ਨੇ ਆਪਣੇ ਹੱਥਾਂ ਨਾਲ ਗੁਲਾਲ ਉਡਾ ਕੇ ਧਰਤੀ ਤੇ ਆਕਾਸ਼ ਨੂੰ ਵੀ ਰੰਗ ਦਿਤਾ। ਉਹਨਾਂ ਦੀ ਕਿਰਪਾ ਨਾਲ ਫੁੱਲ ਰੰਗ ਰੰਗੇ ਗਏ ਹਨ। ਜਦੋਂ ਉਸ ਦਸਮੇਸ਼ ਪਿਆਰੇ ਨੇ ਰੰਗਿਆ ਹੋਇਆ ਚੋਲਾ ਪਾਇਆ ਤਾਂ ਜਿਸ ਨੇ ਉਹਨਾਂ ਦਾ ਦਰਸ਼ਨ ਕੀਤਾ ਸਾਰੀ ਉਮਰ ਦੀਆਂ ਆਸਾਂ ਪੂਰਨ ਕਰ ਲਈਆਂ......'

ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਹਰਨਾਕਸ਼ ਦੇ ਨਵੇਂ ਸਰੂਪ ਅੰਗਰੇਜ਼ੀ ਸਰਕਾਰ ਦੇ ਨਾਲ ਵੀ ਟੱਕਰ ਲਈ ਅਤੇ ਵਕਤ ਦੀ ਪੁਜਾਰੀ ਸ਼੍ਰੇਣੀ ਦੀ ਵੀ ਮੁਖਾਲਫਤ ਸਹੇੜੀ। ਆਪ ਜੀ ਨੇ ਤਾਂ ਨਾਮ ਦਾ ਡੰਕਾ ਹੀ ਖਲੇਰ ਦਿਤਾ ਅਤੇ ਦੇਸਾਂ ਦਿਸਾਂਤਰਾਂ ਵਿਚ ਧੁੰਮ ਮਚ ਗਈ। ਚੋਟੀ ਵਾਲੇ ਪਾਤਸ਼ਾਹ ਨੇ ਜਿਥੇ ਰਹਤੀ ਰਹਿਤ ਮਰਿਆਦਾ ਅਤੇ ਸੁਚ ਸੰਜਮ ਦਾ ਪਰਚਾਰ ਕੀਤਾ ਉਥੇ ਹੋਲੇ ਮਹੱਲੇ ਦੇ ਸਾਲਾਨਾ ਸਮਾਗਮ ਵੀ ਕੀਤੇ। ਜੋ ਹੋਲੇ ਸੰਨ 1867 ਅਤੇ 1871 ਦੇ ਹੋਲੇ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਕੀਤੇ। ਭਜਨ ਬਾਣੀ ਕਥਾ ਕੀਰਤਨ ਤੋਂ ਇਲਾਵਾ ਆਪ ਜੀ ਨੇ ਰੰਗਾਂ ਨਾਲ ਵੀ ਹੋਲਾ ਖੇਡਿਆ। ਸੰਤ ਗਿਆਨ ਸਿੰਘ ਅਨੁਸਾਰ :-

"ਉੱਜਲ ਪੁਸ਼ਾਕੇ ਭੇਖ ਧਾਰੇ ਪਹਿਰ ਆਏ,
ਛਿੜਕਾਈਂ ਰੰਗ ਨਾਲ ਤਾਕੇ ਲਾਲ ਮਨ ਭਾਇ ਹੈ
ਐਸਾ ਧਾਰੀ ਦੇਖੋ ਹੋਲਾ, ਵਕਤ ਅਮੋਲਾ ਸੁਭ,
ਗਿਆਨ ਸਿੰਘ ਗੋਲਾ ਤਾਂਕੋ ਸਦਾ ਜੱਸ ਗਾਇ ਹੈ"।

ਇਸ ਸਮੇਂ ਸੇਵਕ ਰੰਗਿਆਂ ਹੋ ਨਾਲ ਤੇ ਮਸਤਾਨੇ ਨਚਦੇ ਫਿਰਦੇ ਸਨ, ਸਭ ਪਾਸੇ ਲਾਲੋ ਲਾਲ ਹੋਇਆ ਪਿਆ ਸੀ। ਹੋਰ ਕੋਈ ਗਲ ਨਹੀਂ ਸੀ ਸਿਵਾਏ ਸਤਿਗੁਰੂ ਦੇ। ਸਤਿਯੁਗ ਦਾ ਦੌਰ ਵਰਤ ਰਿਹਾ ਸੀ ਨਾਮ ਸਿਮਰਨ, ਸ਼ਬਦ ਕੀਰਤਨ ਅਤੇ ਸਤਿਗੁਰੂ ਦਰਸ਼ਨਾਂ ਦੇ ਸੰਗਮ ਤੀਰਥ ਚੀਆਂ ਤਾਰੀਆਂ ਸੰਗਤਾਂ ਲਾ ਰਹੀਆਂ ਸਨ।



"ਹਿੰਸਾ ਸਾਡਾ ਧਰਮ ਨਹੀਂ"

☐ ਹਰਵਿੰਦਰ ਸਿੰਘ ਹੰਸਪਾਲ ਐਮ.ਪੀ.

ਧਰਮ ਜਾਂ ਮਜ਼ਹਬ ਦਾ ਪ੍ਰਯੋਜਨ ਹੈ ਜੀਵਨ। ਉਸ ਨੂੰ ਆਤਮ ਜੀਵਨ, ਰੂਹਾਨੀ ਜ਼ਿੰਦਗੀ ਜਾਂ ਪ੍ਰਭੂਮ ਜੀਵਨ ਆਖਿਆ ਜਾ ਸਕਦਾ ਹੈ। ਸਿੱਖ ਧਰਮ ਅਨੁਸਾਰ 'ਕਰਤਾਰ' Creater ਅਤੇ 'ਕੀਤੇ ਹਏ' Created ਭਾਵ ਸੰਸਾਰ ਦਾ ਸਦਾ ਮਿਲਦੇ ਮੇਲ ਵਿਚ ਵਤੀਤ ਹੋ ਰਿਹਾ ਜੀਵਨ ਹੀ ਅਸਲੀ ਜੀਵਨ ਹੈ। ਸਿਖ ਨੂੰ ਇਹ ਜੀਵਨ ਦਾ ਦਾਨ ਗੁਰੂ ਰਾਹੀਂ ਹੁੰਦਾ ਹੈ।

"ਜੀਅ ਦਾਨੁ ਦੇ ਭਗਤੀ ਲਾਇਨਿ, ਹਰਿ ਸਿਉ ਲੈਨਿ ਮਿਲਾਏ" ॥

ਸੰਸਾਰ ਦੇ ਸਾਰੇ ਧਰਮ ਦੋ ਤਰਾਂ ਦੀ ਹਿੰਸਾ ਦੀ ਨਿਖੇਧੀ ਕਰਦੇ ਹਨ। ਜਿਸੇ ਮਨੁਖ ਜਾਂ ਕਿਸੇ ਵੀ ਪ੍ਰਾਣੀ ਨੂੰ ਬਚਨ ਜਾਂ ਸਰੀਰਿਕ ਤਾਕਤ ਰਾਹੀਂ ਦੁਖ ਪੁਚਾਨਾ ਹਿੰਸਾ ਹੈ। ਸਿਖ ਧਰਮ ਦੁਹਾਂ ਤਰਾਂ ਦੀ ਹਿੰਸਾ ਦਾ ਵਿਰੋਧ ਕਰਦਾ ਹੈ। ਆਪਣੇ ਬੋਲਾਂ ਰਾਹੀਂ ਕਿਸੇ ਨੂੰ ਦੁਖ ਨਾ ਪੁਚਾਨ ਉਤੇ ਗੁਰਬਾਣੀ ਵਿਚ ਥਾਂ ਥਾਂ ਤੇ ਜ਼ੋਰ ਦਿਤਾ ਗਿਆ ਹੈ।

"ਰੱਖ ਪਰੀਤੀ ਮਿਠੇ ਬੋਲ"

ਜਾਂ "ਇਕ ਫਿਕਾ ਨ ਅਲਾਇ, ਸਭਨਾ ਮਹਿ ਸਚਾ ਧਨੀ" ॥

ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ ਕਿ ਸਭ ਨਾਲ ਮਿਠਾ ਬੋਲਣਾ ਤੇ ਨਿਉ ਕੇ ਰਹਿਣਾ ਸੰਸਾਰ ਦੀਆਂ ਚੰਗਿਆਈਆਂ ਦਾ ਤੱਤ ਹੈ।

"ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ"

ਗੁਰੂ ਸਾਹਿਬਾਂ ਨੇ ਸਭ ਪ੍ਰਕਾਰ ਦੇ ਜੀਆਂ ਤੇ ਦਇਆ ਕਰਨ ਵਾਸਤੇ ਥਾਂ ਪਰਥਾ ਆਖਿਆ ਹੈ। ਜੀਆ ਤੇ ਦਇਆ ਕਰਨ ਨੂੰ ਗੁਰੂ ਜੀ ਨੇ ਅਠਾਹਠਾਂ ਤੀਰਥਾਂ ਦੇ ਸਮਸਤ ਪੁੰਨਾਂ ਦੇ ਬਰਾਬਰ ਦਸਿਆ ਹੈ।

"ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ" ॥

ਗੁਰੂ ਜੀ ਨੇ ਇਹ ਵੀ ਆਖਿਆ ਹੈ ਜੇ ਬਲਵਾਨ ਬਲਵਾਨ ਨੂੰ ਮਾਰੇ ਤਾਂ ਰੋਣਾ ਰੋਣ ਨਹੀਂ।

"ਜੇ ਸਕਤਾ ਸਕਤੇ ਕਉ ਮਾਰੇ ਤਾ ਮਨ ਰੋਸੁ ਨ ਹੋਈ ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ" ॥

ਪਰ ਹਥਿਆਰ ਬੰਦ ਬਲਵਾਨ ਕਿਸੇ ਨਿਹੱਥੇ ਬੇ ਕਸੂਰ ਨੂੰ ਮਾਰ ਦਿਹ ਬਹੁਤ ਵੱਡਾ ਪਾਪ ਹੈ ਜੋ ਬਖਸ਼ਿਆ ਨਹੀਂ ਜਾ ਸਕਦਾ।

ਸਿਖ ਧਰਮ ਮੁਢ ਤੋਂ ਹੀ ਗੁਰੂ ਸਾਹਿਬਾਂ ਨੇ ਏਕਤਾ, ਬਰਾਬਰੀ ਤੇ ਭਾਈਚਾਰੇ ਵਾਲਾ ਧਰਮ ਬਣਾਇਆ ਹੈ। ਗੁਰੂ ਨਾਨਕ ਦੇਵ ਜੀ ਨੇ ਊਚ ਨੀਚ ਤੇ ਜਾਤ ਪਾਤ ਦੇ ਵਿਤਕਰੇ ਨੂੰ ਖਤਮ ਕਰਨ ਦਾ ਉਪਦੇਸ਼ ਦਿਤਾ। ਉਹਨਾਂ ਦੇ ਉਮਰ ਭਰ ਸਾਥ ਨਿਭਾਣ ਵਾਲੇ ਦੋ ਸੁੰਦਰ ਪਿਆਰੇ ਸਾਥੀ ਦੋ ਵਖ ਵਖ ਧਰਮਾਂ ਦੇ ਸਨ ਭਾਈ ਬਾਲਾ ਜੀ ਹਿੰਦੂ ਅਤੇ ਭਾਈ ਮਰਦਾਨਾ ਜੀ ਮੁਸਲਮਾਨ। ਉਹ ਇਸਲਾਮੀ ਤੀਰਥਾਂ ਤੇ ਵੀ ਗਏ ਤੇ ਹਿੰਦੂ ਤੀਰਥਾਂ ਤੇ ਵੀ। ਉਹਨਾਂ ਮੱਕੇ ਦਾ ਹਜ ਵੀ ਕੀਤਾ ਤੇ ਹਰਦਵਾਰ ਦੀ ਯਾਤਰਾ ਵੀ। ਮੱਕੇ ਜਦ ਉਨ੍ਹਾਂ ਤੋਂ ਕਾਜੀਆਂ ਨੇ ਪੁਛਿਆ ਕਿ ਹਿੰਦੂ ਵਡਾ ਹੈ ਜਾਂ ਮੁਸਲਮਾਨ ਤਾਂ ਉਨ੍ਹਾਂ ਆਖਿਆ ਸੀ :-

"ਬਾਬਾ ਆਖੇ ਹਾਜੀਆ ਸੁਭ ਅਮਲਾਂ ਬਾਝੋਂ ਦੋਵੇਂ ਰੋਵੀਂ"
"ਹਿੰਦੂ ਮੁਸਲਮਾਨ ਦੋਇ ਦਰਗਹਿ ਅੰਦਰ ਲੈਣ ਨਾ ਢੋਈ" ॥

ਗੁਰੂ ਅਰਜਨ ਦੇਵ ਜੀ ਨੇ ਦਰਬਾਰ ਸਾਹਿਬ ਹਰਮੰਦਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਅਪਣੇ ਮੁਸਲਮਾਨ ਫਕੀਰ ਦੋਸਤ ਹਜ਼ਰਤ ਮੀਆਂ ਮੀਰ ਲਾਹੌਰ ਵਾਲਿਆਂ ਤੋਂ ਰਖਵਾਈ। ਹਰ ਦਿਸ਼ਾ ਤੋਂ ਆਉਣ ਵਾਲੇ ਅਤੇ ਚੌਹਾਂ ਵਰਣਾਂ ਦੇ ਮਨੁਖਾਂ ਲਈ ਬਿਨਾ ਜਾਤ-ਪਾਤ ਤੇ ਧਰਮ ਦੇ ਵਿਤਕਰੇ ਦੇ ਹਰਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਚੌਹਾਂ ਦਿਸ਼ਾਵਾਂ ਵਿਚ ਖੁਲਦੇ ਰਖੇ। ਆਪ ਨੇ ਬਾਣੀ ਵਿਚ ਫੁਰਮਾਇਆ ਹੈ :-

"ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ" ॥

ਗੁਰੂ ਜੀ ਨੇ ਦੂਜੇ ਸ਼ਬਦ ਵਿਚ ਅਗੇ ਫੁਰਮਾਇਆ ਹੈ :-

"ਸਭ ਮਹਿ ਰਵਿ ਰਹਿਆ ਪ੍ਰਭੁ ਏਕੋ ਪੇਖਿ ਪੇਖਿ ਨਾਨਕ ਬਿਗਸਾਈ" ॥

ਜਹਾਂਗੀਰ ਦੀ ਹਿੰਸਾ ਦਾ ਉਤਰ ਵੀ ਗੁਰੂ ਅਰਜਨ ਦੇਵ ਜੀ ਨੇ ਸ਼ਾਂਤ ਮਈ ਢੰਗ ਨਾਲ ਅਪਣੀ ਸ਼ਹੀਦੀ ਦੇ ਕੇ ਦਿੱਤਾ। ਸਿਖ ਧਰਮ ਦਾ ਜਨਮ ਹੀ ਮਜ਼ਲੂਮਾਂ ਦੀ ਰਖਿਆ ਵਾਸਤੇ ਹੋਇਆ ਸੀ। ਨਾਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਖਿਆ ਲਈ ਔਰੰਗਜ਼ੇਬ ਦੀ ਹਿੰਸਾ ਦਾ ਉਤਰ ਅਹਿੰਸਾ ਵਿਚ ਦਿਤਾ ਸੀ।

"ਸੀਸ ਦੀਆ ਪਰ ਸਿਰਰ ਨ ਦੀਆ"।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਮਜ਼ਲੂਮਾਂ ਦੀ ਰਖਿਆ ਤੇ ਦੇਸ਼ ਹਿਤਾਂ ਲਈ ਤਲਵਾਰ ਚੁਕਣੀ ਪਈ ਤਾਂ ਵੀ ਉਨ੍ਹਾਂ ਦੇ ਦਿਲ ਵਿਚ ਧਰਮ ਦੇ ਬਿਨਾ ਤੇ ਕਿਸੇ ਨਾਲ ਨਫ਼ਰਤ ਨਹੀਂ ਸੀ। ਉਨ੍ਹਾਂ ਦੀ ਫੌਜ ਵਿਚ ਹਿੰਦੂ ਸਿਖ ਤੇ ਮੁਸਲਮਾਨ ਤਿੰਨੋਂ ਹੀ ਧਰਮਾਂ ਦੇ ਪੈਰੋਕਾਰ ਸਨ। ਪੀਰ ਬੁਧੂਸ਼ਾਹ ਨੇ ਗੁਰੂ ਜੀ ਦੀ ਫੌਜ ਵਿਚ ਆਪਣੇ ਪੁਤਰ ਤੇ ਮੁਰੀਦ ਸ਼ਹੀਦ ਕਰਵਾਏ।

ਭਾਈ ਨੰਦ ਲਾਲ ਜੀ ਸਾਰੀ ਆਯੂ ਗੁਰੂ ਜੀ ਦੇ ਦਰਬਾਰ ਵਿਚ ਉਨ੍ਹਾਂ ਦੇ ਭਰੋਸੇ ਯੋਗ ਵਧੀਆ ਸਾਥੀ ਬਣ ਕੇ ਰਹੇ। ਭਾਈ ਘਨਈਆ ਜੀ ਵਰਗੇ ਗੁਰੂ ਜੀ ਦੇ ਸਿਖ ਜੰਗ ਵਿਚ ਬਿਨਾਂ ਵਿਤਕਰੇ ਦੁਸ਼ਮਨ ਦੇ ਜ਼ਖਮੀਆਂ ਨੂੰ ਵੀ ਪਾਣੀ ਪਿਲਾਂਦੇ ਰਹੇ। ਭਾਈ ਜੀ ਹਰ ਬੰਦੇ ਦੇ ਰੂਪ ਵਿਚ ਪ੍ਰਮਾਤਮਾ ਦਾ ਦਰਸ਼ਨ ਕਰਦੇ ਸਨ।

ਗੁਰੂ ਗੋਬਿੰਦ ਸਿੰਘ ਜੀ ਤਾਂ ਮਾਨਵ ਏਕਤਾ ਤੇ ਬਰਾਬਰੀ ਦੇ ਪੈਗੰਬਰ ਸਨ। ਉਹ ਸੰਸਾਰ ਭਰਦੇ ਪ੍ਰਾਣੀ ਮਾਤਰ ਨੂੰ ਇਕ ਰੂਪ ਹੀ ਜਾਣਦੇ ਸਨ। ਇਸ ਲਈ ਉਨ੍ਹਾਂ ਆਪਣੀ ਬਾਣੀ ਵਿਚ ਫੁਰਮਾਇਆ ਹੈ।

'ਕੋਊ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀਅਨ ਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ॥

ਉਨ੍ਹਾਂ ਕਿਹਾ ਕਿ ਸਾਰੀ ਸ੍ਰਿਸ਼ਟੀ ਦੇ ਇਨਸਾਨ ਮੂਲ ਰੂਪ ਵਿਚ ਇਕੋ ਰਬ ਦੀ

ਅੰਸ਼ ਹਨ। ਇਕੋ ਮਿਟੀ ਦੇ ਬਣੇ ਹੋਏ ਹਨ ਅਤੇ ਇਕੋ ਜਹੇ ਹਨ।

ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਦ, ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥

ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਵਾਸਤੇ ਨਾ-ਮਿਲਵਰਤਨ ਅੰਦੋਲਨ ਨੂੰ ਪੂਰੀ ਤਰਾਂ ਸ਼ਾਂਤਮਈ ਰਖਿਆ ਅਤੇ ਉਨ੍ਹਾਂ ਦੇ ਸਿਖਾਂ ਨੇ ਹਸਦਿਆਂ ਹਸਦਿਆਂ ਬ੍ਰਿਟਿਸ਼ ਸਾਮਰਾਜ ਦੀਆਂ ਤੋਪਾਂ ਅਗੇ ਅਪਣੀਆਂ ਜਾਨਾਂ ਵਾਰ ਦਿੱਤੀਆਂ। ਆਪ ਗੁਰੂ ਰਾਮ ਸਿੰਘ ਜੀ ਦੇਸ਼ ਹਿਤ ਲਈ ਦੇਸ਼ ਨਿਸਕਾਸਿਤ ਹੋ ਗਏ :

ਸੋ ਧਰਮ, ਰੰਗ, ਰੂਪ ਬੋਲੀ ਤੇ ਜਾਤ ਪਾਤ ਦੀ ਬਿਨਾ ਤੇ ਕਿਸੇ ਤੇ ਹਿੰਸਾ ਕਰਨੀ ਸਿਖ ਧਰਮ ਵਿਚ ਬਿਲਕੁਲ ਜਾਇਜ਼ ਨਹੀਂ। ਕਿਸੇ ਨੂੰ ਕਤਲ ਕਰਨਾ ਤਾਂ ਇਕ ਪਾਸੇ ਰਿਹਾ, ਬਾਣੀ ਤਾਂ ਕਿਸੇ ਦਾ ਦਿਲ ਦੁਖਾਨ ਦੀ ਵੀ ਆਗਿਆ ਨਹੀਂ ਦੇਂਦੀ।

ਜੇ ਤਉ ਪਿਰੀਆ ਦੀ ਸਿਕ
ਹਿਆਉ ਨ ਠਾਹੇ ਕਹੀਦਾ।

ਬਾਣੀ ਤੇ ਕਿਸੇ ਬਾਰੇ ਬੁਰਾ ਸੋਚਣ ਤੋਂ ਵੀ ਵਰਜਦੀ ਹੈ।

"ਪਰ ਕਾ ਬੁਰਾ ਨ ਰਾਖੈ ਚੀਤ-ਤੁਮ ਕੋ ਦੁਖ ਨਾਹੀ ਭਾਈ ਮੀਤ"

ਅਤੇ ਫਰੀਦ ਜੀ ਤਾਂ ਕੁਰਬਾਣੀ ਵਿਚ ਏਥੇ ਤਕ ਆਖਦੇ ਹਨ।

"ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮ
ਆਪਨੜੈ ਘਰ ਜਾਈਐ ਪੈਰ ਤਿਨਾ ਦੇ ਚੁੰਮ" ॥

ਆਜ਼ਾਦ ਦੇਸ਼ ਵਿਚ ਹਿੰਸਾ ਦੀ ਕੋਈ ਥਾਂ ਨਹੀਂ ਹੁੰਦੀ। ਆਪਣੀਆਂ ਮੰਗਾਂ ਮਨਵਾਨ ਲਈ ਸ਼ਾਂਤ ਮਈ ਢੰਗ ਨਾਲ ਅੰਦੋਲਨ ਕਰਨ ਦਾ ਹਕ ਹਰ ਦੇਸ਼ ਵਾਸੀ ਨੂੰ ਹੈ। ਅੰਦੋਲਨ ਕਰ ਦਿਆਂ ਗਲ ਬਾਤ ਦੇ ਦਰਵਾਜ਼ੇ ਹਮੇਸ਼ਾ ਖੁਲ੍ਹੇ ਰਖਣੇ ਚਾਹੀਦੇ ਹਨ। ਜਿਵੇਂ ਗੁਰੂ ਜੀ ਤੇ ਆਖਦੇ ਹਨ ਕਿ ਜਦੋਂ ਤਕ ਦੁਨੀਆ ਰਹੇ ਕੁਝ ਸੁਨਣਾ ਤੇ ਕੁਝ ਆਖਣਾ ਮਨੁਖੀ ਜੀਵਨ ਦਾ ਅੰਗ ਹਨ।

ਜਬਲਗੁ ਦੁਨੀਆ ਰਹੀਐ ਨਾਨਕ
ਕਿਛੁ ਸੁਣੀਐ ਕਿਛੁ ਕਹੀਐ ॥

ਗਲ ਬਾਤ ਤੇ ਆਪਸੀ ਸਲਾਹ ਮਸ਼ਵਰੇ ਨਾਲ ਹਰ ਮਸਲਾ ਹਲ ਕੀਤਾ ਜਾ ਸਕਦਾ ਹੈ। ਪਰੰਤੂ ਕਾਨੂੰਨ ਨੂੰ ਅਪਣੇ ਹਥ ਵਿਚ ਲੈ ਕੇ, ਬੇ ਦੋਸ਼ੀਆਂ ਦਾ ਕਤਲ ਕਰਨਾ, ਜਨਤਕ ਸੇਵਾਵਾਂ ਨੂੰ ਨੁਕਸਾਨ ਪੁਚਾਨਾ, ਤੋੜ ਫੋੜ, ਅੱਗ ਲਗਾਨਾ ਜਾਂ ਦੰਗਾ ਫਸਾਦ ਕਰਨਾ, ਕਿਸੇ ਵੀ ਸੱਚੇ ਦੇਸ਼ ਭਗਤ ਨੂੰ ਸੋਭਾ ਨਹੀਂ ਦੇਂਦਾ। ਪਿਆਰ ਨਾਲ ਦਿਲਾਂ ਦੀਆਂ ਸਾਰੀਆਂ ਗੰਢਾਂ ਖੁਲ੍ਹ ਸਕਦੀਆਂ ਹਨ। ਸਬਰ ਹੋਸ਼ ਤੇ ਸਿਦਕ ਦਿਲੀ ਨਾਲ ਸਭ ਝਗੜਿਆਂ ਤੇ ਮਸਲਿਆਂ ਨੂੰ ਸੁਲਝਾਇਆ ਜਾ ਸਕਦਾ ਹੈ।

ਸਿਖ ਧਰਮ ਤਾਂ ਮੂਲ ਰੂਪ ਵਿਚ ਸਾਰੀ ਮਨੁੱਖ ਜਾਤੀ ਵਿਚ ਇਕ ਅਕਾਲ ਪੁਰਖ ਦਾ ਰੂਪ ਵੇਖਦਾ ਹੈ ਏਸ ਲਈ ਕਿਸੇ ਨੂੰ ਵੈਰੀ ਜਾ ਬੇਗਾਨਾ ਨਹੀਂ ਮੰਨਦਾ। ਜੋ ਸਭ ਵਿਚ ਇਕੋ ਪ੍ਰਭੂ ਦਾ ਵਾਸ ਮੰਨਣ ਵਾਲਾ ਧਰਮ ਬੇਗੁਨਾਹ ਤੇ ਨਿਰਦੋਸ਼ ਲੋਕਾਂ ਤੇ ਹਿੰਸਾ ਕਿਵੇਂ ਬਰਦਾਸ਼ਤ ਕਰ ਸਕਦਾ ਹੈ ?

ਲੋੜ ਇਸ ਗਲ ਦੀ ਹੈ ਕਿ ਟਕਰਾਉ ਦੀ ਨੀਤੀ ਤਿਆਗ ਕੇ ਭਾਈਵਾਲਤਾ ਤੇ ਮਿਲਵਰਤਨ ਦੇ ਵਾਤਾਵਰਨ ਨੂੰ ਮੁੜ ਸਿਰਜਿਆ ਜਾਏ। ਪੰਜਾਬ ਵਿਚ ਹਿੰਦੂ ਤੇ ਸਿਖ ਜਨਮ ਮਰਨ ਦੇ ਸਾਥੀ ਹਨ। ਇਕੋ ਬ੍ਰਿਛ ਦੀਆਂ ਦੋ ਟਹਿਣੀਆਂ ਨੇ, ਇਕੋ ਪੁਸਤਕ ਦੇ ਦੋ ਵਰਕ ਨੇ, ਇਕੋ ਇਤਿਹਾਸ ਦੇ ਦੋ ਸੁਨਹਿਰੀ ਪਤਰੇ ਨੇ, ਇਨ੍ਹਾਂ ਵਿਚ ਫੁਟ ਪਾਉਣ ਜਾ ਨਫਰਤ ਪੈਦਾ ਕਰਨ ਦੇ ਯਤਨ ਜਾਂ ਹਿੰਸਾ ਦੀ ਵਰਤੋਂ ਕਰਨੀ ਦੇਸ਼, ਕੌਮ ਤੇ ਪੰਥ ਤਿੰਨਾ ਲਈ ਘਾਤਕ ਹੈ।

(ਰੇਡੀਓ ਵਾਰਤਾ-ਪ੍ਰਸਾਰਨ 21-9-84)



ਸਤਿਗੁਰੂ ਰਾਮ ਸਿੰਘ ਜੀ ਦੇ ਦੇਹਾਂਤ ਬਾਰੇ ਵਿਵਾਦ

☐ ਜਸਵਿੰਦਰ ਸਿੰਘ M. A.

"(ਗੁਰੂ) ਰਾਮ ਸਿੰਘ, ਕੂਕਾ ਐਸੀ ਦੂਰ ਥਾਂ ਤੇ ਬਦਲਿਆ ਜਾ ਰਿਹਾ ਹੈ ਜਿਥੋਂ (ਕੂਕਿਆਂ ਦਾ) ਉਨ੍ਹਾਂ ਨਾਲ ਸੰਪਰਕ ਕਰਨਾ ਸੌਖਾ ਨਹੀਂ ਹੋਵੇਗਾ।"

ਇਹ ਜਾਣਕਾਰੀ ਬਰਮਾ ਦੇ ਚੀਫ ਕਮਿਸ਼ਨਰ, ਸਰ ਚਾਰਲਸ ਬਰਨਾਰਡ ਨੇ ਆਪਣੇ ਭਾਰਤੀ ਮਿੱਤਰ, ਸਰਦਾਰ ਅਤਰ ਸਿੰਘ ਭਦੌੜ ਨੂੰ 23 ਅਗਸਤ 1886 ਦੇ ਪੱਤਰ ਵਿਚ ਲਿਖੀ। ਏਥੇ ਇਹ ਗੱਲ ਚੇਤੇ ਰਖਣ ਵਾਲੀ ਹੈ ਕਿ ਮਰਗੋਈ ਜੇਲ੍ਹ ਦੇ ਸਿਵਲ ਸਰਜਨ ਵਲੋਂ 2 ਦਸੰਬਰ 1885 ਦੀ ਰਿਪੋਰਟ ਵਿਚ ਦਸਿਆ ਗਿਆ ਸੀ ਕਿ ਗੁਰੂ ਰਾਮ ਸਿੰਘ ਜੀ ਦਾ 29 ਨਵੰਬਰ ਨੂੰ 'ਡਾਇਰੀਆ' ਦੇ ਕਾਰਨ ਦੇਹਾਂਤ ਹੋ ਗਿਆ ਅਤੇ ਅਗਲੇ ਦਿਨ ਉਨ੍ਹਾਂ ਦਾ ਸਸਕਾਰ ਕਰ ਦਿਤਾ ਗਿਆ। ਇਸ ਆਸ਼ੇ ਦੀ ਖਬਰ 8 ਦਸੰਬਰ ਦੀ ਤਾਰ ਰਾਹੀਂ ਭਾਰਤ ਸਰਕਾਰ ਨੂੰ ਵੀ ਭੇਜ ਦਿਤੀ ਗਈ (ਵੇਖੋ ਤਾਰ ਦੀ ਫੋਟੋ ਕਾਪੀ)।

ਚੀਫ ਕਮਿਸ਼ਨਰ ਦੀ ਰਿਪੋਰਟ ਤੇ ਵਿਚਾਰ

ਵਿਚਾਰ ਵਾਲੀ ਗੱਲ ਹੈ ਕਿ ਅਗਰ ਸਤਿਗੁਰੂ ਰਾਮ ਸਿੰਘ ਜੀ ਦਾ 29 ਨਵੰਬਰ ਨੂੰ ਦੇਹਾਂਤ ਹੋ ਗਿਆ ਸੀ ਅਤੇ ਸਸਕਾਰ ਕਰ ਦਿਤਾ ਗਿਆ ਸੀ, ਤਾਂ ਫਿਰ ਉਹ ਕਿਹੜਾ 'ਰਾਮ ਸਿੰਘ ਕੂਕਾ' ਰਾਜਸੀ ਕੈਦੀ ਸੀ ਜਿਸਨੂੰ ਬਦਲਣ ਬਾਰੇ ਚੀਫ ਕਮਿਸ਼ਨਰ, ਬਰਮਾ ਨੇ ਆਪਣੇ 23 ਅਗਸਤ 1886 (ਯਾਨੀ ਨੌਂ ਮਹੀਨੇ ਬਾਅਦ) ਦੇ ਪੱਤਰ ਵਿਚ ਜ਼ਿਕਰ ਕੀਤਾ? ਇਹ ਤਾਂ ਹੋ ਨਹੀਂ ਸਕਦਾ ਕਿ ਬਰਮਾ ਦੇ ਸਭ ਤੋਂ ਵਡੇ ਅਫਸਰ ਸਰ ਚਾਰਲਸ ਬਰਨਾਰਡ ਨੂੰ ਸਤਿਗੁਰੂ ਜੀ ਦੇ ਗੁਜ਼ਰ ਜਾਣ ਦੀ ਖਬਰ ਹੀ ਨਾ ਹੋਵੇ ਅਤੇ ਉਸ ਨੇ ਬਿਨਾਂ ਜਾਣਕਾਰੀ ਦੇ ਇਹ ਸਭ ਲਿਖ ਦਿਤਾ ਹੋਵੇ।

ਜੇਲ੍ਹ ਨਿਯਮਾਂ ਅਧੀਨ ਰਾਜਸੀ ਕੈਦੀਆਂ ਦੀਆਂ ਖਾਸ-ਖਾਸ ਖਬਰਾਂ ਉਪਰ ਤੀਕ ਪੁਚਾਈਆਂ ਜਾਂਦੀਆਂ ਸਨ ਅਤੇ ਸਾਲ ਵਿਚ ਦੋ ਵਾਰੀ ਜੇਲ੍ਹ ਰਿਪੋਰਟਾਂ (ਜੁਲਾਈ ਅਤੇ ਜਨਵਰੀ) ਵਿਚ ਹੋਰਨਾਂ ਗੱਲਾਂ ਤੋਂ ਇਲਾਵਾ ਇਨ੍ਹਾਂ ਦੇ ਵਿਹਾਰ, ਸਿਹਤ ਅਤੇ ਖਰਚ ਬਾਰੇ ਵੀ ਜ਼ਿਕਰ ਕੀਤਾ ਜਾਂਦਾ ਸੀ। ਇਸ ਤਰ੍ਹਾਂ 'ਸਰਕਾਰੀ ਤੌਰ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਗੁਜ਼ਰ-ਜਾਣ' ਦੀ ਖਬਰ ਤੋਂ ਬਾਅਦ ਦੋ ਵੇਰ (ਜਨਵਰੀ/ਜੁਲਾਈ) ਜੇਲ੍ਹ ਰਿਪੋਰਟਾਂ ਚੀਫ ਕਮਿਸ਼ਨਰ ਤਕ ਭੇਜੀਆਂ ਗਈਆਂ ਸਨ। ਏਨੀ ਜਾਣਕਾਰੀ ਦੇ ਬਾਵਜੂਦ ਚੀਫ ਕਮਿਸ਼ਨਰ, ਸਤਿਗੁਰੂ ਜੀ ਦੇ ਜੀਉਂਦਿਆਂ ਹੋਣ ਅਤੇ ਉਨ੍ਹਾਂ ਨੂੰ ਹੋਰ ਥਾਂ ਤੇ ਬਦਲ ਦਿਤੇ ਜਾਣ ਬਾਰੇ ਜਾਣਕਾਰੀ ਦੇਣਾ ਮਾਮੂਲੀ ਗੱਲ ਨਹੀਂ ਸੀ।

ਸਰ ਚਾਰਲਸ ਬਰਨਾਰਡ ਸੰਨ 1880 ਤੋਂ 1887 ਤੀਕ ਬਰਮਾ ਦਾ ਚੀਫ ਕਮਿਸ਼ਨਰ ਰਿਹਾ ਸੀ। ਇਸ ਦੌਰਾਨ ਕਈ ਵਾਰ ਉਸਦੇ ਸਾਹਮਣੇ ਸਤਿਗੁਰੂ ਰਾਮ ਸਿੰਘ ਜੀ ਦਾ ਮਸਲਾ ਪੇਸ਼ ਹੋਇਆ। ਪੰਜਾਬ ਵਿਚ ਕੂਕਿਆਂ ਅਤੇ ਸਤਿਗੁਰੂ ਰਾਮ ਸਿੰਘ ਜੀ ਵਿਚਕਾਰ ਚਿੱਠੀ-ਪੱਤਰ ਦਾ ਸਿਲਸਿਲਾ, ਅਨੇਕਾਂ ਸਰਕਾਰੀ ਯਤਨਾਂ ਦੇ ਬਾਵਜੂਦ ਵੀ ਜਾਰੀ ਰਿਹਾ। ਏਸੇ ਚੀਫ ਕਮਿਸ਼ਨਰ ਨੇ ਸਤਿਗੁਰੂ ਜੀ ਨੂੰ ਰੰਗੂਨ ਤੋਂ ਬਦਲ ਕੇ ਮਰਗੋਈ ਜੇਲ੍ਹ ਵਿਚ ਭੇਜ ਦਿਤਾ ਸੀ। ਮਰਗੋਈ ਜੇਲ੍ਹ ਵਿਚ ਬਦਲ ਦਿਤੇ ਜਾਣ ਤੋਂ ਥੋੜੀ ਦੇ ਮਗਰੋਂ ਮੰਗਰ ਸਿੰਘ ਕੂਕਾ ਸਤਿਗੁਰੂ ਜੀ ਦੇ ਕਮਰੇ ਵਿਚੋਂ ਫੜਿਆ ਗਿਆ। ਇਸ ਲਈ ਸਤਿਗੁਰੂ ਰਾਮ ਸਿੰਘ ਜੀ ਨੂੰ ਮਰਗੋਈ ਤੋਂ ਵੀ ਹੋਰ ਦੂਰ 'ਟੇਸਰਿ-ਆਈਲੈਂਡ' ਵਿਚ ਬਦਲਣ ਬਾਰੇ ਵਿਚਾਰ ਕੀਤੀ ਗਈ। ਚੀਫ ਕਮਿਸ਼ਨਰ ਦੀ ਸਲਾਹ ਤੇ ਹੀ ਸਤਿਗੁਰੂ ਜੀ ਨੂੰ ਮਰਗੋਈ ਵਿਚ ਹੀ ਨਜ਼ਰਬੰਦ ਕੀਤਾ ਗਿਆ ਤਾਕਿ ਉਨ੍ਹਾਂ ਉਪਰ ਤਸੱਲੀ ਨਾਲ ਨਜ਼ਰ ਰਖੀ ਜਾ ਸਕੇ। ਇਹ ਸਭ ਗੱਲਾਂ ਦਸਣ ਦਾ ਭਾਵ ਇਹ ਹੈ ਕਿ ਬਰਮਾ ਦਾ ਚੀਫ ਕਮਿਸ਼ਨਰ ਸਤਿਗੁਰੂ ਰਾਮ ਸਿੰਘ ਜੀ ਤੋਂ ਚੰਗੀ ਤਰ੍ਹਾਂ ਵਾਕਿਫ ਸੀ। ਅਗਰ ਉਨ੍ਹਾਂ ਦਾ ਦੇਹਾਂਤ ਮਰਗੋਈ ਜੇਲ੍ਹ ਵਿਚ 29 ਨਵੰਬਰ ਨੂੰ ਹੋ ਗਿਆ ਹੁੰਦਾ ਤਾਂ ਇਸ ਤੋਂ ਨੌਂ ਮਹੀਨੇ ਬਾਅਦ 23 ਅਗਸਤ 1886 ਦੇ ਪੱਤਰ ਵਿਚ ਉਹ ਸਤਿਗੁਰੂ ਰਾਮ ਸਿੰਘ ਜੀ ਨੂੰ 'ਹੋਰ ਦੂਰ ਥਾਂ' ਤੇ ਬਦਲਣ ਬਾਰੇ ਕਿਸ ਤਰ੍ਹਾਂ ਲਿਖ ਸਕਦਾ ਸੀ?

ਸਰ ਚਾਰਲਸ ਬਰਨਾਰਡ ਦਾ ਇਹ ਪੱਤਰ (ਵੇਖੋ ਫੋਟੋ ਕਾਪੀ) ਸਤਿਗੁਰੂ ਰਾਮ ਸਿੰਘ ਜੀ ਦੇ ਮਰਗੋਈ ਜੇਲ੍ਹ ਵਿਚ 29 ਨਵੰਬਰ ਨੂੰ ਗੁਜ਼ਰ ਜਾਣ ਦੀ ਸਰਕਾਰੀ ਖਬਰ ਨੂੰ ਝੂਠਾ ਸਿਧ ਕਰਦਾ ਹੈ।

ਸਰਕਾਰੀ ਰਿਕਾਰਡਾਂ ਵਿਚ ਮਤਭੇਦ

(ੳ) ਬਰਮਾ ਜੇਲ੍ਹ ਰਿਪੋਰਟ 1885—ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰੀ ਰਿਕਾਰਡਾਂ ਵਿਚ ਵੀ ਸਤਿਗੁਰੂ ਜੀ ਦੇ ਗੁਜ਼ਰ ਜਾਣ ਬਾਰੇ ਕਾਫੀ ਮਤਭੇਦ ਮਿਲਦਾ ਹੈ। ਸਾਲ 1885 ਦੀ ਜੇਲ੍ਹ ਰਿਪੋਰਟ ਇਸ ਗੱਲ ਦਾ ਖਾਸ ਸਬੂਤ ਹੈ। ਇਸ ਜੇਲ੍ਹ ਰਿਪੋਰਟ ਦੀ ਸਟੇਟਮੈਂਟ ਦੇ Appendix No. XVI-Vital ਵਿਚ ਸਾਲ 1885 ਦੇ ਦੌਰਾਨ ਬਰਮਾ ਜੇਲ੍ਹਾਂ ਵਿਚ, ਵੱਖ-ਵੱਖ ਬਿਮਾਰੀਆਂ ਨਾਲ ਗੁਜ਼ਰੇ ਕੈਦੀਆਂ ਦਾ ਵੇਰਵਾ ਦਰਜ ਹੈ, ਪਰ ਮਰਗੋਈ ਜੇਲ੍ਹ ਵਿਚ ਸੰਨ 1885 ਦੇ ਦੌਰਾਨ 'ਡਾਇਰੀਆ' ਨਾਲ ਕਿਸੇ ਦੇ ਵੀ ਗੁਜ਼ਰ ਜਾਣ ਦਾ ਕੋਈ ਜ਼ਿਕਰ ਨਹੀਂ ਹੈ, ਇਹ ਖਾਨਾ ਖਾਲੀ ਛਡਿਆ ਹੋਇਆ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਨਵੰਬਰ 1885 ਵਿਚ 'ਡਾਇਰੀਆ' ਨਾਲ ਸਤਿਗੁਰੂ ਜੀ ਦੇ ਦੇਹਾਂਤ ਵਾਲੀ ਗੱਲ ਬਿਲਕੁਲ ਝੂਠ ਸੀ।

(ਅ) ਸਿਵਲ ਸਰਜਨ ਦੀ ਰਿਪੋਰਟ—ਮਰਗੋਈ ਜੇਲ੍ਹ ਦੇ ਸਿਵਲ ਸਰਜਨ ਵਲੋਂ ਸਤਿਗੁਰੂ ਰਾਮ ਸਿੰਘ ਜੀ ਦੇ 'ਸਸਕਾਰ ਕਰਨ' ਦੀ ਖਬਰ ਵੀ ਸ਼ੱਕ ਕਰਨ ਵਾਲੀ ਹੈ। ਸਿਵਲ ਸਰਜਨ ਆਪਣੀ 2 ਦਸੰਬਰ 1885 ਦੀ ਰਿਪੋਰਟ ਵਿਚ ਲਿਖਦਾ ਹੈ—"(ਸਤਿਗੁਰੂ ਜੀ ਦਾ) ਸਸਕਾਰ ਅਤੇ ਅਸਥੀਆਂ ਦਾ ਨਦੀ ਵਿਚ ਜਲ-ਪਰਵਾਹ ਖੁਫੀਆ ਢੰਗ ਨਾਲ ਕੀਤਾ ਗਿਆ।"

ਸਵਾਲ ਉਠਦਾ ਹੈ ਕਿ ਅਗਰ ਸਤਿਗੁਰੂ ਰਾਮ ਸਿੰਘ ਜੀ ਦ ਸਚ ਵਿਚ ਚੜ੍ਹਾਈ ਕਰ ਗਏ ਸੀ ਤਾਂ ਫਿਰ 'ਸਸਕਾਰ ਅਤੇ ਫੁੱਲਾਂ ਨੂੰ' ਚੁਪ ਚਾਪ ਦਰਿਆ ਵਿਚ ਜਲ-ਪਰਵਾਹ ਕਰਨ ਦਾ ਕੀ ਤੁਕ ਸੀ? ਬਰਮਾ ਜੇਲ੍ਹ ਵਿਚ ਹੋਰ ਵੀ ਕਈ ਰਾਜਸੀ ਕੈਦੀਆਂ ਦੀ ਮੌਤ ਹੋਈ ਹਹੀ ਸੀ, ਪਰ ਕਿਸੇ ਦੇ ਸਸਕਾਰ ਵੇਲੇ ਇਸ ਤਰ੍ਹਾਂ ਦੀ 'ਚੁਪ' ਨਹੀਂ ਸੀ ਵਰਤੀ ਗਈ। ਇਹ 'ਚੁਪ' ਸਤਿਗੁਰੂ ਰਾਮ ਸਿੰਘ ਵੇਲੇ ਹੀ ਕਿਉਂ ਧਾਰੀ ਗਈ? ਮਰਗੋਈ ਜੇਲ੍ਹ ਭਾਰਤ ਤੋਂ ਬਹੁਤ ਦੂਰ ਹੈ ਅਤੇ ਓਥੇ ਨਾਮਧਾਰੀ ਸਿੱਖਾਂ ਦੀ ਵਸੋਂ ਵੀ ਨਹੀਂ, ਜਿਸ ਦੇ ਭੜਕ ਉਠਣ ਦਾ ਸਰਕਾਰ ਨੂੰ ਡਰ ਹੋ ਸਕਦਾ ਹੋਵੇ। 'ਚੁਪ ਚਾਪ' ਜੇਲ੍ਹ ਵਿਚ ਸਸਕਾਰ ਕਰਨ ਵਿਚ ਭੇਤ ਵਾਲੀ ਗੱਲ ਹੀ ਜਾਪਦੀ

ਹੈ। ਜੱਲ ਕੀ—ਸਿਵਲ ਸਰਜਨ ਵਲੋਂ ਭੇਜੀ ਗਈ 'ਦੇਹਾਂਤ ਦੀ ਰਿਪੋਰਟ' ਪਹਿਲੋਂ ਤੋਂ ਮਿਥੀ ਹੋਈ ਵਿਉਂਤ ਦਾ ਹੀ ਨਤੀਜਾ ਸੀ, ਜਿਸਦਾ ਅਸਲ ਮਨੋਰਥ ਪੰਜਾਬ ਵਿਚ ਰਹਿੰਦੇ ਨਾਮਧਾਰੀ ਸਿੱਖਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਤੋਂ ਵਾਂਝਿਆਂ ਕਰਨਾ ਸੀ। ਸਰਕਾਰ ਸਮਝਦੀ ਸੀ ਕਿ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਮਿਲਣ ਤੋਂ ਬਾਅਦ ਕੂਕੇ ਬਰਮਾ ਵਲ ਆਉਣਾ ਆਪੇ ਹੀ ਬੰਦ ਕਰ ਦੇਣਗੇ ਅਤੇ ਪੰਜਾਬ ਵਿਚ ਚਲ ਰਿਹਾ 'ਕੂਕਾ ਅੰਦੋਲਨ' ਹੌਲੀ ਹੌਲੀ ਖ਼ਤਮ ਹੋ ਜਾਇਗਾ।

ਵਕਤ ਦੀ ਨਜ਼ਾਕਤ

ਇਹ ਉਹ ਵਕਤ ਸੀ, ਜਦੋਂ ਅੰਗ੍ਰੇਜ਼ ਸਰਕਾਰ ਅਤਿ ਔਖੇ ਸਮੇਂ ਚੋਂ ਲੰਘ ਰਹੀ ਸੀ। ਰੂਸ 1878 ਵਿਚ 'ਬਰਲਿਨ ਕਾਂਗਰਸ' ਵਿਚ ਹੋਈ ਨਮੋਸ਼ੀ ਤੋਂ ਸਖ਼ਤ ਔਖਾ ਸੀ ਅਤੇ ਉਹ ਬਦਲਾ ਲੈਣ ਦਾ ਢੁਕਵਾਂ ਵਕਤ ਲਭ ਰਿਹਾ ਸੀ। ਭਾਰਤ ਦੇ ਕਈ ਸੂਬੇ—ਗਵਾਲੀਅਰ, ਪੰਜਾਬ, ਦਿੱਲੀ ਦੇ ਮੁਗ਼ਲ ਬਾਦਸ਼ਾਹ ਦੇ ਰਿਸ਼ਤੇਦਾਰ, ਕਸ਼ਮੀਰ ਅਤੇ ਕਾਬੁਲ ਸਾਰੇ ਹੀ ਅੰਗ੍ਰੇਜ਼ਾਂ ਵਿਰੁਧ ਰੋਸ ਨਾਲ ਭਰੇ ਹੋਏ ਸਨ ਅਤੇ ਕਿਸੇ ਐਸੇ ਮੌਕੇ ਦੀ ਤਾੜ ਵਿਚ ਸਨ, ਜਦੋਂ ਕਿ ਉਹ ਬਦੇਸ਼ੀ ਸਰਕਾਰ ਨੂੰ ਤਕੜੀ ਸੱਟ ਮਾਰ ਸਕਣ। ਇਨ੍ਹਾਂ ਸਾਰਿਆਂ ਸੂਬਿਆਂ ਦੇ ਨੁਮਾਇੰਦੇ ਰੂਸ ਸਰਕਾਰ ਤੋਂ ਮਦਦ ਲੈਣ ਲਈ ਗੱਲ ਬਾਤ ਕਰ ਰਹੇ ਸਨ। ਇਸੇ ਦੌਰਾਨ ਇਕ ਕੂਕਾ ਬਨਾਰਸੀ ਦਾਸ, ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਵਿਚ ਜਾ ਕੇ ਮਿਲਿਆ। ਮਹਾਰਾਜਾ ਦਲੀਪ ਸਿੰਘ ਅੰਗ੍ਰੇਜ਼ਾਂ ਵਲੋਂ ਹੱਕ ਨਾਂ ਮਿਲਣ ਕਰਕੇ ਕਾਫੀ ਸਮੇਂ ਤੋਂ ਨਾਰਾਜ਼ ਸੀ ਅਤੇ ਵਾਪਸ ਹਿੰਦੁਸਤਾਨ ਆਉਣਾ ਚਾਹੁੰਦਾ ਸੀ। ਬਨਾਰਸੀ ਦਾਸ ਕੂਕੇ ਦੀ ਪ੍ਰੇਰਣਾ ਦਾ ਇਹ ਅਸਰ ਹੋਇਆ ਕਿ ਮਹਾਰਾਜੇ ਵਿਚ ਹਿੰਦੁਸਤਾਨ ਵਾਪਸ ਪਰਤਣ ਅਤੇ ਮੁੜ ਸਿੱਖੀ ਧਾਰਨ ਕਰਨ ਦੀ ਇੱਛਾ ਪਰਬਲ ਹੋ ਗਈ। ਮਹਾਰਾਜਾ ਦਲੀਪ ਸਿੰਘ ਇਸ ਤੋਂ ਇਤਨਾ ਪ੍ਰਭਾਵਤ ਹੋਇਆ ਕਿ ਉਸ ਨੇ ਬਨਾਰਸੀ ਦਾਸ ਕੂਕੇ ਨੂੰ ਇਕ ਤਰ੍ਹਾਂ ਆਪਣਾ 'ਗੁਰੂ' ਹੀ ਮੰਨ ਲਿਆ। ਸਰਕਾਰੀ ਰਿਕਾਰਡ ਵਿਚ ਵੀ ਬਨਾਰਸੀ ਦਾਸ ਕੂਕੇ ਦੇ ਬਾਅਦ 'ਮਹਾਰਾਜਾ ਦਲੀਪ ਸਿੰਘ ਦਾ ਗੁਰੂ' ਲਿਖਿਆ ਮਿਲਦਾ ਹੈ। ਇਸ ਤਰ੍ਹਾਂ ਮਹਾਰਾਜਾ ਵੀ ਪੰਜਾਬ ਪਰਤਣ ਦੀਆਂ ਤਿਆਰੀਆਂ ਵਿਚ ਲਗ ਗਿਆ। ਪੰਜਾਬ ਸਰਕਾਰ ਨੂੰ ਇਹ ਖ਼ਬਰਾਂ ਮਿਲ ਰਹੀਆਂ ਸਨ ਕਿ 'ਕੂਕੇ ਅਤੇ ਨਿਹੰਗ' ਦਲੀਪ ਸਿੰਘ ਮਹਾਰਾਜੇ ਦੀ ਮਦਦ ਲਈ ਉਤਾਵਲੇ ਹਨ।

ਸਤਿਗੁਰੂ ਰਾਮ ਸਿੰਘ ਜੀ ਦਾ ਬਰਮਾ ਜੇਲ੍ਹ ਵਿਚੋਂ ਹੀ ਰੂਸ ਸਰਕਾਰ ਨਾਲ ਖਤ-ਪੱਤਰਾਂ ਰਾਹੀਂ ਸੰਬੰਧ ਕਾਇਮ ਸੀ। ਇਹ ਸੰਪਰਕ, ਸਤਿਗੁਰੂ ਜੀ ਨੂੰ ਰੰਗੂਨ ਤੋਂ ਮਰਗੋਈ ਜੇਲ੍ਹ ਵਿਚ ਬਦਲ ਦਿਤੇ ਜਾਣ, ਅਤੇ ਸਖ਼ਤ ਪਹਿਰੇ ਲਗਾਏ ਜਾਣ ਦੇ ਬਾਵਜੂਦ ਵੀ ਨਾ ਟੁਟ ਸਕਿਆ। ਇਸ ਲਈ ਅੰਗ੍ਰੇਜ਼ੀ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖਾਂ ਨਾਲੋਂ ਸੰਪਰਕ ਤੋੜਨ ਲਈ 'ਗੁਜ਼ਰ-ਜਾਣ' ਦੀ ਝੂਠੀ ਖ਼ਬਰ ਘੜ ਕੇ, ਉਨ੍ਹਾਂ ਨੂੰ ਚੁਪ ਚਾਪ ਕਿਸੇ ਦੁਰੇਡੀ ਥਾਂ ਤੇ ਬਦਲ ਦਿਤਾ। ਇਸ ਤਰ੍ਹਾਂ ਸਰਕਾਰ ਖਤ-ਪੱਤਰ ਦੇ ਸਿਲਸਿਲੇ ਨੂੰ ਤਾਂ ਬੰਦ ਕਰਨ ਵਿਚ ਕਾਮਯਾਬ ਹੋ ਗਈ, ਪਰ ਪੰਜਾਬ ਵਿਚ ਨਾਮਧਾਰੀ ਸਿੱਖਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਗੁਜ਼ਰ ਜਾਣ ਦਾ ਯਕੀਨ ਨਹੀਂ ਕਰਵਾ ਸਕੀ। ਕਿਉਂਕਿ ਸਤਿਗੁਰੂ ਜੀ ਦੇਹ ਕਰਕੇ ਜੀਉਂਦੇ ਸਨ, ਇਸ ਲਈ ਸਾਲ 1885 ਦੀ ਜੇਲ੍ਹ ਰਿਪੋਰਟ ਸਟੇਟਮੈਂਟ ਵਿਚ 'ਡਾਇਰੀਆ ਨਾਲ ਹੋਈ ਮੌਤ' ਲਿਖੀ ਨਹੀਂ ਸੀ ਗਈ, ਜੋ ਸੁਭਾਵਿਕ ਹੀ ਸੀ।

ਮਰਦੁਮ ਸ਼ੁਮਾਰੀ—1891 ਦੀ ਰਿਪੋਰਟ

ਸੰਨ 1891 ਦੀ ਮਰਦੁਮ-ਸ਼ੁਮਾਰੀ ਰਿਪੋਰਟ (Census Report—1891, Volume XIX, Part-I, —by E. D. Maclegan) ਦੇ ਪੰਨਾ 170 ਤੇ ਸਤਿਗੁਰੂ ਰਾਮ ਸਿੰਘ ਜੀ ਦਾ ਦੇਹਾਂਤ ਮਰਗੋਈ ਦੀ ਬਜਾਏ ਰੰਗੂਨ ਵਿਖੇ "1887 ਜਾਂ 1888" ਦਰਜ ਹੈ। "1887 ਜਾਂ 1888" ਲਿਖਿਆ ਸਿਧ ਕਰਦਾ ਹੈ ਕਿ ਸਰਕਾਰੀ ਅਫ਼ਸਰਾਂ ਨੂੰ ਵੀ ਨਵੰਬਰ 1885 ਵਿਚ ਸਤਿਗੁਰੂ ਜੀ ਦੇ ਗੁਜ਼ਰ ਜਾਣ ਦਾ ਯਕੀਨ ਨਹੀਂ ਸੀ, ਅਤੇ ਉਹ ਆਪ ਵੀ ਭੁਲੇਖੇ ਵਿਚ ਟਪਲੇ ਲਾ ਰਹੇ ਸਨ।

ਸਤਿਗੁਰੂ ਹਰੀ ਸਿੰਘ ਜੀ ਵਲੋਂ 'ਦੇਹਾਂਤ' ਦੀ ਖ਼ਬਰ ਦਾ ਖੰਡਨ

ਸਤਿਗੁਰੂ ਰਾਮ ਸਿੰਘ ਜੀ ਦੇ ਮਰਗੋਈ ਜੇਲ੍ਹ ਵਿਚ 'ਗੁਜ਼ਰ ਜਾਣ' ਦੀ ਸਰਕਾਰੀ ਖ਼ਬਰ ਤੋਂ ਬਾਅਦ, ਜੋ ਬਸਤ੍ਰ ਸਰਕਾਰ ਵਲੋਂ ਸਤਿਗੁਰੂ ਹਰੀ ਸਿੰਘ ਜੀ (ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਰਾ) ਨੂੰ ਵਾਪਸ ਕੀਤੇ ਗਏ ਸਨ, ਇਤਨੇ ਭੀੜੇ ਅਤੇ ਛੋਟੇ ਸਨ ਕਿ ਉਨ੍ਹਾਂ ਨੇ ਵੇਖਦਿਆਂ ਹੀ ਇਸ ਸਰਕਾਰੀ ਖ਼ਬਰ ਤੇ ਯਕੀਨ ਕਰਨ ਤੋਂ ਨਾਂਹ ਕਰ ਦਿਤੀ। ਸਤਿਗੁਰੂ ਰਾਮ ਸਿੰਘ ਦਾ ਸਰੀਰ ਸਤਿਗੁਰੂ ਹਰੀ ਸਿੰਘ ਜੀ ਤੋਂ ਕਾਫੀ ਲੰਮਾ ਅਤੇ ਭਰਵਾਂ ਸੀ, ਪਰ ਵਾਪਸ ਕੀਤੇ ਜਾਮੇ ਤਾਂ ਸਤਿਗੁਰੂ ਹਰੀ ਸਿੰਘ ਜੀ ਨੂੰ ਵੀ ਨਹੀਂ ਸਨ ਪੂਰੇ ਆਉਂਦੇ। ਇਸ ਲਈ ਬਹੁਤ ਵਾਰੀ ਸਰਕਾਰ ਪਾਸੋਂ ਸਤਿਗੁਰੂ ਜੀ ਦੇ ਗਾਤਰੇ ਅਤੇ ਗੁਟਕੇ ਦੀ ਮੰਗ ਕੀਤੀ ਗਈ, ਜੋ ਸਰਕਾਰ ਪੂਰੀ ਨਾਂ ਕਰ ਸਕੀ।

ਇਕ ਵਾਰ ਸਤਿਗੁਰੂ ਹਰੀ ਸਿੰਘ ਜੀ ਨੇ ਪੰਜਾਬ ਦੀ ਸਪੈਸ਼ਲ ਪੁਲਿਸ ਬ੍ਰਾਂਚ ਦੇ ਅਫ਼ਸਰ ਨੂੰ ਗਲਬਾਤ ਦੇ ਦੌਰਾਨ ਦਸਿਆ ਕਿ "ਉਨ੍ਹਾਂ ਦਾ ਯਕੀਨ ਹੈ ਕਿ ਉਨ੍ਹਾਂ ਦੇ ਭਰਾ ਸਤਿਗੁਰੂ ਰਾਮ ਸਿੰਘ ਜੀ ਜੀਉਂਦੇ ਹਨ, ਪਰ ਉਨ੍ਹਾਂ ਨੂੰ ਕਿਤੇ ਬਦਲ ਦਿਤਾ ਗਿਆ ਹੈ।" ਸਰਕਾਰ ਵਲੋਂ ਇਸ ਖ਼ਬਰ ਦਾ ਖੰਡਨ ਨਹੀਂ ਕੀਤਾ ਗਿਆ।

ਸੂਬਾ ਕਾਹਨ ਸਿੰਘ ਦੇ ਵਿਚਾਰ

ਮਹਾਰਾਣੀ ਵਿਕਟੋਰੀਆ ਦੀ ਤਾਜ ਪੋਸ਼ੀ ਦੇ 50 ਸਾਲ ਪੂਰੇ ਹੋਣ ਦੀ ਖੁਸ਼ੀ ਵਿਚ ਸਾਰੇ ਸੰਸਾਰ ਵਿਚ 'ਗੋਲਡਨ ਜੁਬਲੀ-ਜਸ਼ਨ' ਮਨਾਏ ਗਏ ਅਤੇ ਬਹੁਤ ਸਾਰੇ ਕੈਦੀ ਰਿਹਾ ਕੀਤੇ ਗਏ। 1888 ਵਿਚ ਸੂਬਾ ਕਾਹਨ ਸਿੰਘ ਚੁਨਾਰ ਦੇ ਕਿਲ੍ਹੇ ਤੋਂ ਰਿਹਾ ਹੋ ਕੇ ਪੰਜਾਬ ਵਾਪਸ ਆ ਗਏ। ਪੰਜਾਬ ਦੀ ਖੁਫ਼ੀਆ ਰਿਪੋਰਟ ਵਿਚ ਦਰਜ ਹੈ ਕਿ ਸੂਬਾ ਕਾਹਨ ਸਿੰਘ ਨੇ ਕੂਕਿਆਂ ਨੂੰ ਦਸਿਆ ਕਿ—" ਗੁਰੂ ਰਾਮ ਸਿੰਘ ਜੀਉਂਦੇ ਹਨ ਅਤੇ ਛੇਤੀ ਹੀ ਪਰਤਣਗੇ।" ਇਨ੍ਹਾਂ ਖ਼ਬਰਾਂ ਦੇ ਸਰਕਾਰ ਤੀਕ ਪਹੁੰਚਣ ਕਰਕੇ ਹੀ ਮੌਲਮੀਨ (ਬਰਮਾ) ਵਿਚ ਨਜ਼ਰਬੰਦ ਸੂਬਾ ਲਖਾ ਸਿੰਘ ਦੀ ਰਿਹਾਈ ਨਾਂ ਹੋ ਸਕੀ।

ਨਿਚੋੜ

ਸਾਲ 1885 ਦੀ ਜੇਲ੍ਹ ਰਿਪੋਰਟ, ਪੰਜਾਬ ਸਪੈਸ਼ਲ ਬ੍ਰਾਂਚ ਦੀਆਂ ਖੁਫ਼ੀਆ ਖ਼ਬਰਾਂ, 1891 ਦੀ 'ਮਰਦੁਮ ਸ਼ੁਮਾਰੀ' ਅਤੇ ਸਰ ਚਾਰਲਸ ਬਰਨਾਰਡ, ਚੀਫ਼ ਕਮਿਸ਼ਨਰ ਬਰਮਾ ਦੇ 23 ਅਗਸਤ 1886 ਦੇ ਪੱਤਰ ਆਦਿ ਦੀ ਘੋਖ ਕਰਨ ਤੋਂ ਇਹ ਗੱਲ ਸਾਬਤ ਹੋ ਜਾਂਦੀ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ 'ਦੇਹਾਂਤ' ਬਾਰੇ ਸਭ ਖ਼ਬਰਾਂ ਝੂਠੀਆਂ ਅਤੇ ਸੋਚ ਸਮਝ ਕੇ ਘੜੀਆਂ ਗਈਆਂ ਸਨ। ਵਾਸਤਵ ਵਿਚ ਸਤਿਗੁਰੂ ਰਾਮ ਸਿੰਘ ਜੀ ਦੇਹ ਕਰਕੇ ਜੀਉਂਦੇ ਸਨ, ਪਰ ਉਨ੍ਹਾਂ ਨੂੰ ਕਿਸੇ ਗੁਪਤ ਥਾਂ ਤੇ ਬਦਲ ਦਿਤਾ ਗਿਆ ਸੀ। ਬਾਅਦ ਵਿਚ, ਅਦਲਾ ਬਦਲੀ ਦੇ ਦੌਰਾਨ ਹੀ, ਸਤਿਗੁਰੂ ਜੀ ਮੌਕਾ ਪਾ ਕੇ ਅਗਿਆਤ ਅਸਥਾਨ ਨੂੰ ਨਿਕਲ ਗਏ।

ਇਤਿਹਾਸ ਸਦਾ ਖੋਜ ਦਾ ਮੁਥਾਜ ਹੁੰਦਾ ਹੈ ਅਤੇ ਖੋਜ ਕਰਨ ਤੇ ਹੋਰ ਵਿਸਥਾਰ ਨਾਲ ਪ੍ਰਮਾਣ ਲਭ ਸਕਦੇ ਹਨ। ਕੁਝ ਸਮਾਂ ਪਹਿਲਾਂ ਤਕ ਨਾਮਧਾਰੀ ਸਿੱਖਾਂ ਵਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਜੀਉਂਦੇ ਹੋਣ ਦੀ ਗੱਲ ਨੂੰ 'ਭਾਵਨਾ-ਤਮਕ' ਰੂਪ ਵਿਚ ਸਮਝਿਆ ਜਾਂਦਾ ਸੀ, ਪਰ ਉਪਰ ਦਿਤੇ ਗਏ ਸਰਕਾਰੀ ਹਵਾਲਿਆਂ ਤੋਂ ਇਨ੍ਹਾਂ ਸਿੱਖਾਂ ਦੇ ਵਿਸ਼ਵਾਸ ਦਾ ਕਾਇਲ ਹੋਣਾ ਪੈਂਦਾ ਹੈ। ਅਜ ਵੀ ਨਾਮਧਾਰੀ ਸਿਖ, ਅੱਖਾਂ ਵਿਚ ਹੰਝੂ ਭਰੀ, ਆਪਣੇ ਚੋਜੀ ਵਾਲੇ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਉਡੀਕ ਵਿਚ ਉਸੇ ਤਰ੍ਹਾਂ ਆਸ ਲਗਾਏ ਬੈਠੇ ਹਨ ਜਿਵੇਂ ਇਹ ਕਲ੍ਹ ਦੀ ਗੱਲ ਹੋਵੇ।

R. K. 17065

No. —8586

Calcutta | Rangoon

65.7 | 8. | 12. | 85 | Bfd.

Foreign | B. B.

Ram Singh Kuka state prisoner died at Mergui of old age diarrhoea and general debility on the 29th Novr his remains were burnt according to hindoo custom next morning his ashes were to be collected placed in jar and deposited in river this latter ceremony was to take place on 2nd

Wt. B
[illegible] Draft
[illegible]

CALCUTTA 8-12-85

Telegraph Rules.

II

December after the mail steamer left letter follows

[illegible]

CALCUTTA 8-12-85

Telegraph Rules.

From Sir Charles Bernard [Chief Commissioner, British Burma], dated 23rd Aug. 1880.

In reply to his letter, informs him that "Bir Singh Kuka is going to be transferred to a more remote spot, where communication with him will be less easy." Adds some information regarding a [illegible] referred to by the undersigned.

—'Political Suggestions, Informations and Observations of Sardar Attar Singh, K.C.I.E., Chief of Bhadour.'—Page 25.

Report of the Civil Surgeon, Mergui, dated 2nd December 1885.

The ashes were collected and cast into the river in my presence this morning. The cremation and casting of the remains into the river were done very quietly.

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

☐ ਪ੍ਰੀਤਮ ਸਿੰਘ ਕਵੀ

ਪਰਮ ਸਤਿਕਾਰ ਯੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਾਤਾ ਭੁਪਿੰਦਰ ਕੌਰ ਜੀ ਦੀ ਪ੍ਰਥਮ ਸੰਤਾਨ ਹਨ। ਆਪ ਆਯੂ ਦੇ ਪੱਖੋਂ ਇਸ ਸਮੇਂ (ਜਨਮ 20 ਨਵੰਬਰ 1920) 64 ਸਾਲ ਦੇ ਹਨ ਅਤੇ 25 ਸਾਲ ਤੋਂ ਗੁਰੂ ਨਾਨਕ ਪਰੰਪਰਾ ਅਨੁਸਾਰ ਸਿਖ ਜਗਤ ਦੀ ਅਗਵਾਈ ਕਰ ਰਹੇ ਹਨ। 39 ਸਾਲ ਆਪਜੀ ਨੇ ਸਿਖੀ ਜੀਵਨ ਵਿਚ ਰਹਿ ਸਿਦਕ, ਸੰਜਮ ਸਹਿਨਸ਼ੀਲਤਾ, ਨਿਮਰਤਾ, ਉਦਾਰਤਾ ਅਤੇ ਤਪੱਸਿਆ ਭਰਿਆ ਜੀਵਨ ਜੀਊਣ ਕੇ ਪਿਤਾ ਸਤਿਗੁਰੂ ਜੀ ਦੀ ਮਿਰਤੂ ਸਮੇਂ (1959 ਈ.) ਡੇਢ ਲਖ ਤੋਂ ਵਧ ਲੋਕਾਂ ਦੁਆਰਾ ਸਤਿਕਾਰ ਅਰਪਿਤ ਕਰਦਿਆਂ ਗੁਰਗਦੀ ਨੂੰ ਸਸ਼ੋਭਤ ਕੀਤਾ।

ਦੇਸ਼ ਅਤੇ ਵਿਦੇਸ਼ਾਂ ਦਾ ਲਖਾਂ ਕਿਲੋਮੀਟਰ ਭ੍ਰਮਣ ਕਰਕੇ ਜਗਤ ਜਲੰਦੇ ਨੂੰ ਆਪਜੀ ਨੇ ਇਸੇ ਗਲ ਦ੍ਰਿੜਾਈ ਹੈ ਕਿ ਕਲਜੁਗ ਵਿਚ ਨਾਮ ਦਾ ਆਧਾਰ ਹੀ ਮਨੁਖ-ਜੀਵਨ ਦਾ ਕਲਿਆਣ ਕਰਦਾ ਹੈ। ਹਰ ਇਨਸਾਨ ਨੂੰ ਆਪਣੀ ਆਸਥਾ ਅਨੁਸਾਰ ਇਕਾਗਰ ਮਨ ਹੋ ਰੋਜ਼ਾਨਾ ਈਸ਼ਵਰ ਸਿਮਰਨ ਜ਼ਰੂਰ ਕਰਨਾ ਚਾਹੀਦਾ ਹੈ। ਸੰਪਰਦਾਇਕ ਸਦਭਾਵਨਾ, ਆਤਮਾ ਦੀ ਸ਼ੁਧੀ ਅਤੇ ਸਚੇ ਮਨ ਨਾਲ ਜਨ ਸੇਵਾ ਅਜ ਸਮੇਂ ਦੀ ਲੋੜ ਹੈ।

ਸਤਿਗੁਰੂ ਜੀ ਨੇ ਗੁਰਗੱਦੀ ਸੁਸ਼ੋਭਿਮਾਨ ਹੁੰਦਿਆਂ ਹੀ ਗੁਰੂਆਂ ਦਾ ਆਦਰਸ਼ "ਆਪ ਜਪੋ ਅਵਰਹ ਨਾਮ ਜਪਾਵੇ" ਅਪਨਾ ਲਿਆ ਅਤੇ ਐਸੀ ਪ੍ਰੇਰਨਾ ਦਿਤੀ ਕਿ ਅਜ ਆਪ ਜੀ ਦੀ ਹਜ਼ੂਰੀ ਵਿਚ ਹਜ਼ਾਰਾਂ ਲੋਕਾਂ ਨੂੰ ਇਕ ਚਿਤ ਹੋ ਨਾਮ ਸਿਮਰਨ ਕਰਦਿਆਂ ਵੇਖ ਸਕਦੇ ਹੋ। ਸਮੁਚੀ ਗੁਰਬਾਣੀ ਆਪਜੀ ਦੇ ਕੰਠਾਸਰ ਹੈ ਅਤੇ ਹਰ ਵਿਸ਼ੇ ਤੇ ਹਜ਼ਾਰਾਂ ਪ੍ਰਮਾਣ ਦਿਤੇ ਦਿਖਾਏ ਜਾ ਸਕਦੇ ਹਨ। ਸ੍ਰੀ ਦਸਮ ਗ੍ਰੰਥ ਸਾਹਿਬ ਵੀ ਇਸੇ ਪਰਕਾਰ ਆਪਦੀ ਜਿਹਬਾ ਤੇ ਹੈ।

ਗੁਰਮਤਿ ਸਿਮਰਨ ਅਤੇ ਸੰਗੀਤ ਦੇ ਸਤੰਭਾਂ ਤੇ ਉਸਰੀ ਹੋਈ ਹੈ। ਜਿਵੇਂ ਦੋ ਵੇਲੇ ਜਗਿਆਸੂ ਅਤੇ ਆਪਦੇ ਪੈਰੋਕਾਰ ਆਪਦੀ ਹਜ਼ੂਰੀ ਵਿਚ ਨਾਮ ਸਿਮਰਨ ਕਰਦੇ ਹਨ ਤਿਵੇਂ ਸੰਗੀਤ ਅੰਮ੍ਰਿਤ ਤੋਂ ਵੀ ਲਾਭਾਨਵਿਤ ਹੁੰਦੇ ਹਨ। ਭਾਰਤੀ ਸੰਗੀਤ ਦੇ ਆਪ ਪਰਮ ਗਿਆਤਾ ਹਨ। ਗਾਇਨ ਅਤੇ ਦਿਲਰੁਬਾ ਵਾਦਨ ਵਿਚ ਆਪਦੀ ਅਪਾਰ ਸਿਆਣਪ ਹੈ। ਸੁਰ ਅਤੇ ਤਾਲ ਦੇ ਗਿਆਨ ਦਾ ਇਹ ਕ੍ਰਿਸ਼ਮਾ ਹੈ ਕਿ ਆਪ ਇਕ ਚਕਰ ਵਿਚ 7, ਦੂਜੇ ਵਿਚ 9, ਤੀਜੇ ਵਿਚ 11 ਅਤੇ ਚੌਥੇ ਵਿਚ 13 ਮਾਤਰਾ ਤਕ ਵਧਾ ਸਕਦੇ ਹਨ। ਆਪਜੀ ਨੇ ਆਪਣਾ ਇਹ ਗਿਆਨ, ਸਮੇਤ ਸਵਾਈ, ਡਿਉਢੀ, ਪੌਣੀ ਮਾਤਰਾ ਵਿਚ ਤਿਹਾਈਆਂ ਦੇ, ਸਿਖ ਕਲਾਕਾਰ ਬੱਚਿਆਂ ਵਿਚ ਬੀਜਿਆ ਹੈ।

"ਅਲਪ ਅਹਾਰ, ਸੁਅਲਪ ਸੀ ਨਿੰਦ੍ਰਾ ਦਇਆ ਛਿਮਾ ਤਨ ਪ੍ਰੀਤਿ" ਅਤੀਤ ਸਾਧੂਆਂ ਵਾਲੀ ਮੁਬਾਰਕ ਬਿਰਤੀ ਦੇ ਧਾਰਣੀ ਹੁੰਦਿਆਂ ਗ੍ਰਿਸਤੀਆਂ ਅਤੇ ਗ੍ਰਿਸਤ ਵਿਚ ਰਹਿੰਦੇ "ਜੈਸੇ ਜਲ ਮਹਿ ਕਮਲ ਨਿਰਾਲਮ" ਦੀ ਅਵਸਥਾ ਵਾਲੇ ਹਨ। ਲਖਾਂ ਸੇਵਕ, ਕਰੋੜਾਂ ਦੀ ਜਾਇਦਾਦ, ਸੇਵਾ ਸਤਿਕਾਰ ਅਤੇ ਅਣੇ ਪਹਿਰੇ ਸੁਆਗਤਾਂ, ਕਾਰਾਂ ਅਤੇ ਹਵਾਈ ਸਫ਼ਰਾਂ ਵਿਚ ਰਹਿੰਦਿਆਂ ਆਪ ਚਿੱਤ ਦੇ ਵਿਸ਼ਾਲ, ਨਿੰਦਾ ਉਸਤਤੀ ਤੋਂ ਉਪਰ ਅਤੇ ਸਾਦਾ ਖਾਨ ਪਾਨ ਪਹਿਰਾਨ ਦੇ ਆਦਰਸ਼ ਹਨ।

ਜਿਸ ਨਾਮਧਾਰੀ ਸਮਾਜ ਦੀ ਸਤਿਗੁਰੂ ਜਗਜੀਤ ਸਿੰਘ ਜੀ ਸਿੱਧੀ ਰਾਹਨੁਮਾਈ ਕਰਦੇ ਹਨ ਉਸਨੂੰ ਆਪ ਨੇ ਪਿਛਲੇ ਪੰਜੀ ਸਾਲਾਂ ਵਿਚ ਹੇਠਲੀ ਸਤਰ ਤੋਂ ਉਠਾ ਕੇ ਬਹੁਤ ਉਪਰ ਲੈ ਆਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਉਤਰੀ ਭਾਰਤ ਵਿਚ ਸਭ ਤੋਂ ਪਹਿਲਾਂ (1857 ਈ.) ਸੁਤੰਤਰਤਾ ਅੰਦੋਲਨ ਜਾਰੀ ਕੀਤਾ ਸੀ ਜਿਸਦਾ ਆਧਾਰ ਸੀ ਬਰਤਾਨਵੀ ਰਾਜ ਦੀਆਂ ਤਮਾਮ ਨਿਆਮਤਾਂ ਦਾ ਬਾਈਕਾਟ। ਡਾਕ ਤਾਰ, ਤਾਲੀਮ, ਕਚਹਿਰੀ, ਨੌਕਰੀ ਕਿਉਂਕਿ ਵਿਦੇਸ਼ੀ ਤੰਤਰ ਅਧੀਨ ਚਲਦੀਆਂ ਅਤੇ ਉਹਦੀਆਂ ਸਾਮਰਾਜੀ ਲੋੜਾਂ ਦੀਆਂ ਪੂਰਕ ਸਨ, ਸੋ ਇਹਨਾਂ ਦਾ ਮੁਕੰਮਲ ਬਾਈਕਾਟ। ਸਾਦਾ ਸ਼ੁਧ ਭਾਰਤੀ ਵਸਤਰਾਂ ਤੇ ਵਸਤਾਂ ਦਾ ਉਪਯੋਗ। ਇਹੋ ਆਧਾਰ ਪਿਛੋਂ ਜਾਕੇ ਮਹਾਤਮਾ ਗਾਂਧੀ ਜੀ ਦੀ ਅਗਵਾਈ ਵਿਚ ਇੰਡੀਅਨ ਨੈਸ਼ਨਲ ਕਾਂਗ੍ਰਸ ਨੇ ਅਪਨਾਏ। ਨਾਮਧਾਰੀਆਂ ਨੇ ਬ੍ਰਿਟਿਸ਼ ਸਾਮਰਾਜ ਦੇ ਖਿਲਾਫ ਲੜਾਈ ਲੜਦਿਆਂ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਿਰੰਤਰ ਭਾਰਤੀਯਤਾ ਦਾ ਝੰਡਾ ਉਚਾ ਉਠਾਈ ਰਖਿਆ। ਸਮੁਚਿਤ ਜਤਨਾ ਦੇ ਸਿਟੇ 1947 ਈ. ਵਿਚ ਜਦੋਂ ਭਾਰਤ ਨੂੰ ਆਜ਼ਾਦੀ ਮਿਲੀ ਤਦੋਂ ਨਾਮਧਾਰੀਆਂ ਲਈ ਬਾਕੀ ਸਮਾਜਾਂ ਨਾਲ ਕਦਮ ਮਿਲਾਕੇ ਚਲਣਾ ਦੁਸ਼ਵਾਰ ਸੀ। ਬਰਤਾਨਵੀ ਸਾਸ਼ਨ ਦੀਆਂ ਜ਼ਿਆਦਤੀਆਂ, ਜਾਇਦਾਦ ਜ਼ਬਤੀਆਂ ਅਤੇ ਤਾਲੀਮ ਵਲੋਂ ਪਰਹੇਜ਼ ਨੇ ਨਾਮਧਾਰੀ ਸਮਾਜ ਨੂੰ ਨਵੇਂ ਸਿਰਿਉਂ ਆਪਣੀ ਹਾਲਤ ਨੂੰ ਮਜ਼ਬੂਤ ਕਰਕੇ ਅਗੇ ਵਧਣ ਲਈ ਮਜਬੂਰ ਕਰ ਦਿਤਾ। ਇਸ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਾਹਨੁਮਾਈ ਨੇ ਦੇਸ਼ ਦੀ ਆਰਥਕ ਪ੍ਰਗਤੀ ਵਿਚ ਭਾਈਵਾਲ ਬਣਨ ਲਈ ਭਰਪੂਰ ਸਹਾਇਤਾ ਕੀਤੀ।

ਅੱਜ ਨਾਮਧਾਰੀ ਹਰ ਖੇਤਰ ਵਿਚ ਮਾਣਯੋਗ ਪ੍ਰਾਪਤੀਆਂ ਦੇ ਮਾਲਿਕ ਹਨ। ਪਿੰਡਾਂ ਵਿਚ ਵਸਦੇ ਕਿਸਾਨਾਂ ਨੂੰ ਸਤਿਗੁਰੂ ਜੀ ਦੁਆਰਾ ਉਤਮ ਅਤੇ ਨਵੀਂ ਕਿਸਮ ਦੇ ਬੀਜਾਂ ਨਾਲ ਖੇਤੀ ਸਾਰੀ ਦੀ ਪੈਦਾਵਾਰ ਵਧਾਣ ਦੀ ਪ੍ਰੇਰਨਾ ਮਿਲਦੀ ਹੈ। ਵਧੇਰੇ ਖੇਤੀ ਖੇਤਰ ਵਿਚ ਬਾਗ਼ਬਾਨੀ ਰਾਹੀਂ ਆਰਥਕਤਾ ਉਚੇਰੀ ਕਰਨ ਲਈ ਉਤਸਾਹਤ ਕੀਤਾ ਜਾਂਦਾ ਹੈ। ਜ਼ਿਲਾ ਸਿਰਸਾ, ਇਲਾਕਾ ਜੀਵਨ ਨਗਰ ਦੇ ਪਿੰਡਾਂ ਵਿਚ ਸੜਕਾਂ ਦੀ ਮੁਢਲੀ ਉਸਾਰੀ ਕਰਵਾ ਕੇ ਸਤਿਗੁਰੂ ਜੀ ਨੇ ਹਰਿਆਣਾ ਸਰਕਾਰ ਅਤੇ ਦਿਹਾਤੀ ਵਸੋਂ ਨੂੰ ਸੁਖ ਸਾਧਨ ਮੁਹਈਆ ਕੀਤਾ। ਸਰਕਾਰਾਂ ਤਾਂ ਪਿੰਡਾਂ ਦੇ ਵਿਕਾਸ ਦੀਆਂ ਗੱਲਾਂ ਕਰਦੀਆਂ ਹੀ ਰਹਿੰਦੀਆਂ ਹਨ। ਸਤਿਗੁਰੂ ਜੀ ਵਲੋਂ ਦਿਤੇ ਗਏ ਉਤਸ਼ਾਹ ਅਤੇ ਸਹਿਯੋਗ ਨੇ ਚੰਗੀ ਕਿਸਮ ਦੀਆਂ ਗਊਆਂ-ਮਝਾਂ ਜੀਵਨ ਨਗਰ ਇਲਾਕੇ ਦੇ ਹਰ ਘਰ ਦਾ ਸ਼ਿੰਗਾਰ ਬਣਾ ਦਿਤੀਆਂ ਹਨ।

ਪਿੰਡਾਂ ਵਿਚ ਸਨਅਤਕਾਰੀ ਅਤੇ ਮੰਡੀ ਕਰਣ ਨੂੰ ਵੀ ਸਤਿਗੁਰੂ ਜੀ ਦੀ ਪਹਿਲ ਕਦਮੀ ਨੇ ਹੀ ਉਤਸਾਹਤ ਕੀਤਾ।

ਨਾਮਧਾਰੀ ਹੈਡ ਕੁਆਰਟਰਾਂ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਵਿਚ ਸੁਨਿਸ਼ਚਿਤ ਪਸ਼ੂ ਸ਼ਾਲਾਵਾਂ ਨੇ ਸਾਹੀਵਾਲ ਅਤੇ ਹਰਿਆਣਾ ਨਸਲ ਦੀਆਂ ਗਊਆਂ ਤੋਂ ਦੁਧ ਪ੍ਰਾਪਤੀ ਸਾਰੇ ਦੇਸ਼ ਤੋਂ ਵਧੇਰੇ ਕਾਇਮ ਰਖੀ ਹੈ। ਏਥੇ ਦੀਆਂ ਮਝਾਂ ਵੀ ਦੁਧ ਉਪਜ ਵਲੋਂ ਸਦਾ ਅਗਵਾਈ ਵਿਚ ਰਹੀਆਂ ਹਨ। ਇਹ ਗਲ ਵੀ ਜ਼ਿਕਰਯੋਗ ਹੈ ਕਿ 1961 ਵਿਚ ਸ੍ਰੀ ਸਤਿਗੁਰੂ ਜੀ ਨੂੰ ਇਹਨਾਂ ਦੀਆਂ ਪਸ਼ੂ ਧਨ ਵਿਚ ਜ਼ਿਕਰ ਯੋਗ ਪ੍ਰਾਪਤੀਆਂ ਸਦਕਾ ਸਰਕਾਰੀ ਤੌਰ ਤੇ "ਗੋਪਾਲ ਰਤਨ" ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ।

ਸ਼ਹਿਰੀਂ ਵਸਦੇ ਨਾਮਧਾਰੀਆਂ ਨੂੰ ਸਤਿਗੁਰੂ ਜੀ ਵਲੋਂ ਹੋਰ ਵਧੇਰੇ ਅਗੇ ਵਧਨ ਲਈ ਹਲਾ ਸ਼ੇਰੀ ਦਿਤੀ ਗਈ। ਇਹੋ ਵਜਾਹ ਹੈ ਕਿ ਸੁਤੰਤਰਤਾ ਪ੍ਰਾਪਤੀ ਸਮੇਂ ਉਜੜ ਕੇ ਆਏ ਨਾਮਧਾਰੀ, ਸਿਪਾਹੀ ਛੋਟੇ ਅਤੇ ਦਫਤਰਾਂ ਦੀਆਂ

ਕਲਚਰਲੀਆਂ ਤੋਂ ਸ਼ੁਰੂ ਹੋਕੇ ਅੱਜ ਆਮ ਕਰਕੇ ਫੈਕਟਰੀਆਂ, ਕਲ-ਕਾਰਖ਼ਾਨਿਆਂ ਅਤੇ ਵਡੇ ਵਡੇ ਵਿਹਾਰਾਂ ਵਿਚ ਲਖਾਂ ਦੇ ਕਾਰੋਬਾਰੀ ਬਣ ਗਏ ਹਨ। ਦਿਲੀ, ਹੈਦਰਾਬਾਦ, ਔਰੰਗਾਬਾਦ, ਪਟਨਾ, ਬਨਾਰਸ, ਮੰਡੀ, ਲੁਧਿਆਣਾ, ਅੰਮ੍ਰਿਤਸਰ, ਹਿਸਾਰ, ਸਰਸਾ ਅਤੇ ਇਲਾਕਾ ਜੀਵਨ ਨਗਰ ਆਦਿ ਸਥਾਨਾਂ ਤੇ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ ਦੇਸ਼ ਦੀ ਆਰਥਕ ਪ੍ਰਗਤੀ ਵਿਚ ਨਾਮਧਾਰੀ ਸਿਖ ਆਪਣਾ ਹਿਸਾ ਪਾ ਰਹੇ ਹਨ।

ਨਾਮਧਾਰੀਆਂ ਵਿਚ ਵਿਦਿਆ ਦਾ ਪਰਚਾਰ ਸਤਿਗੁਰੂ ਜੀ ਵਲੋਂ ਸਦਾ ਹੀ ਧਿਆਨ ਵਿਚ ਰਖਿਆ ਗਿਆ ਅਤੇ ਅਜ ਅਨੇਕਾਂ ਸਕੂਲ ਸਿਧੇ ਤੌਰ ਤੇ ਨਾਮਧਾਰੀਆਂ ਦੀ ਅਗਵਾਈ ਹੇਠ ਚਲ ਰਹੇ ਹਨ। ਮੰਡੀ (ਹਿਮਾਚਲ), ਭੈਣੀ ਸਾਹਿਬ, ਸੰਤ ਨਗਰ, ਸ੍ਰੀ ਜੀਵਨ ਨਗਰ (ਸਰਸਾ) ਮਹਾਂਵਿਦਿਆਲਾ ਅਤੇ ਨਾਮਧਾਰੀ ਕਾਲਜ ਹੋਂਦ ਵਿਚ ਆ ਗਏ ਹਨ। ਅਜੋਕੀ ਪੱਧਤੀ ਦੀ ਅੰਗ੍ਰੇਜ਼ੀ ਤਾਲੀਮ, ਪਰ ਰਹਿਣ ਸਹਿਣ ਦਾ ਸੁਦੇਸ਼ੀ ਢੰਗ ਅਤੇ ਭਾਰਤੀ ਸਭਿਆਚਾਰ ਨੂੰ ਬਰਕਰਾਰ ਰਖਣ ਲਈ ਦਿਲੀ ਵਿਚ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਸ੍ਰੀ ਸਤਿਗੁਰੂ ਜੀ ਦੀ ਪ੍ਰੇਰਣਾ ਦਾ ਹੀ ਸਿਟਾ ਹੈ।

ਨਾਮਧਾਰੀ ਬਚਿਆਂ ਵਿਚ ਖੇਡਾਂ ਅਤੇ ਸਰੀਰਕ ਕਸਰਤਾਂ ਨੂੰ ਪ੍ਰਫੁਲਤ ਕਰਨ ਵਾਸਤੇ ਸ੍ਰੀ ਮਹਾਰਾਜ ਜੀ ਨੇ ਆਪਣੇ ਤਾਈ ਮਹਾਰਾਜ ਬੀਰ ਸਿੰਘ ਜੀ ਦੇ ਸਾਹਿਬ-ਜ਼ਾਦਿਆਂ, ਠਾਕੁਰ ਦਲੀਪ ਸਿੰਘ ਜੀ ਅਤੇ ਠਾਕੁਰ ਉਦੇ ਸਿੰਘ ਜੀ ਦੀ ਸਰਪ੍ਰਸਤੀ ਹੇਠ ਇਕ ਹਾਕੀ ਟੀਮ ਅਤੇ ਜਿਮਨਾਸਟਿਕ ਦੇ ਖਿਡਾਰੀਆਂ ਦਾ ਜਥਾ ਤਿਆਰ ਕਰਵਾਇਆ ਹੈ, ਜਿਹੜੇ ਭਜਨ ਬੰਦਗੀ ਕਰਦੇ, ਸੁਦੇਸ਼ੀ ਪਹਿਨਦੇ ਵਡੇ ਵਡੇ ਮੁਕਾਬਲੇ ਜਿਤ ਰਹੇ ਹਨ। ਅਤੇ ਦੂਰ ਦੇਸ਼ਾਂ ਤਕ ਨਾਮਣਾ ਖੱਟ ਆਏ ਹਨ। ਇਹਨਾਂ ਖਿਡਾਰੀਆਂ ਦੀ ਨਾਮਧਾਰੀ ਨਾਂ ਨੂੰ ਰੋਸ਼ਨਿਆਂ ਕੀਤਾ ਹੈ।

ਸੰਗੀਤ ਤਾਂ ਸਤਿਗੁਰੂ ਜੀ ਦੇ ਰੂਹ ਦੀ ਖੁਰਾਕ ਹੈ। ਆਪਜੀ ਨੇ ਚੋਖਾ ਧਨ ਅਤੇ ਧਿਆਨ ਖਰਚ ਕੇ ਭਾਰਤ ਦੀਆਂ ਪ੍ਰਮੁਖ ਸੰਗੀਤਕਾਰ ਹਸਤੀਆਂ ਪਾਸੋਂ ਨਾਮਧਾਰੀ ਬਚਿਆਂ ਨੂੰ ਗਾਇਨ ਅਤੇ ਵਾਦਨ ਸਿਖਾਇਆ ਹੈ। ਸਾਰੇ ਬਚੇ ਹੀ ਰੇਡੀਓ, ਟੀ.ਵੀ. ਦੇ ਸੰਗੀਤ ਪ੍ਰੋਗਰਾਮਾਂ ਦੇ ਜੇਤੂ ਹਨ। ਇਹਨਾਂ ਨੂੰ ਦੇਸ਼ ਅਤੇ ਦੁਨੀਆਂ ਵਿਚ ਪੇਸ਼ ਕਰਨ ਹਿਤ, ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸ਼ਾਸਤਰੀ ਸੰਗੀਤ ਸੰਮੇਲਨ ਕਰਵਾਏ ਗਏ ਜਿਨ੍ਹਾਂ ਤੇ ਭਾਵੇਂ ਲਖਾਂ ਰੁਪਏ ਦਾ ਖਰਚ ਉਠਿਆ ਪਰ ਸਰੋਤਿਆਂ ਤੋਂ ਇਕ ਰੁਪੈ ਦੀ ਟਿਕਟ ਵੀ ਨਹੀਂ ਲਾਈ ਗਈ। ਜਲੰਧਰ, ਦਿਲੀ, ਲਖਨਊ, ਬੰਬਈ, ਔਰੰਗਾਬਾਦ ਤੋਂ ਇਲਾਵਾ ਵਿਦੇਸ਼ਾਂ ਵਿਚ ਵੀ ਇੰਗਲੈਂਡ, ਕੀਨੀਆ ਅਤੇ ਤਨਜ਼ਾਨੀਆ ਆਦਿ ਦੇ ਸੰਗੀਤ ਸਮੇਲਨਾਂ ਵਿਚ ਨਾਮਧਾਰੀ ਬਚਿਆਂ ਨੇ ਸ਼ੋਭਾ ਪ੍ਰਾਪਤ ਕੀਤੀ। ਸੰਗੀਤ ਜਗਤ ਵਿਚ ਸਾਡੇ ਸੰਗੀਤ ਸਮੇਲਨਾਂ ਨੇ ਜਿਥੇ ਸਤਿਗੁਰੂ ਜੀ ਦਾ ਨਾਮ ਉਚਾ ਕੀਤਾ, ਬਚਿਆਂ ਨੂੰ ਮਾਣ ਦਿਵਾਇਆ ਓਥੇ ਨਾਮਧਾਰੀ ਸਮਾਜ ਦੀ ਪ੍ਰਭਤਾ ਦਾ ਵੀ ਡੰਕਾ ਵਜਿਆ।

ਸਤਿਗੁਰੂ ਜੀ ਦੀ ਰੱਬੀ ਵੀ ਆਗਿਆ ਸਿਖਾਂ ਸੇਵਕਾਂ ਲਈ ਆਸ਼ੀਰਵਾਦ ਦੇ ਤੁਲ ਸਮਝੀ ਜਾਂਦੀ ਹੈ। ਇਕੱਲਾ ਇਕੱਲਾ ਸਿਖ ਅਤੇ ਕਾਰੋਬਾਰੀ ਸਮੂਹ ਆਪਜੀ ਦੇ ਹੁਕਮ ਤੇ ਲਖਾਂ ਰੁਪੈ ਖਰਚ ਵਾਲੀਆਂ ਕਾਨਫ੍ਰੰਸਾਂ ਕਰਵਾ ਸਕਦੇ ਹਨ। ਪਿਛਲੇ ਸਾਲ ਪੰਜਾਬ ਦੇ ਕੁਝ ਲੇਖਕ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਣ ਲਈ ਸੇਵਾ ਵਿਚ ਉਪਸਥਿਤ ਹੋਏ ਤਾਂ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਦੇ ਨਾਮਧਾਰੀਆਂ ਲਖਾਂ ਰੁਪੈ ਖਰਚ ਕੇ ਇਸ ਕੌਮਾਂਤਰੀ ਕਾਨਫਰੰਸ ਨੂੰ ਸਫਲ ਬਣਾਇਆ।

ਸਤਿਗੁਰੂ ਜੀ ਦੇ ਸਮੇਂ ਵਿਚ ਸਿਖੀ ਨੂੰ ਨਾ ਸਿਰਫ ਉਤਸ਼ਾਹ ਹੀ ਮਿਲਿਆ ਸਗੋਂ ਇਸ ਦਾ ਵਿਕਾਸ ਵੀ ਖੂਬ ਹੋਇਆ। ਸਤਿਗੁਰੂ ਜੀ ਤਾਂ ਸੰਸਾਰ ਦੇ ਪੰਜਾਂ ਮਹਾਂ ਖੰਡਾਂ ਵਿਚ ਮੁਜੱਸਮ ਰੂਪ ਵਿਚ ਹੀ ਭਾਰਤੀ ਸੰਸਕ੍ਰਿਤੀ, ਸਿਖ ਮਤ ਦੇ ਪ੍ਰਤੀਨਿਧ ਅਤੇ ਅਗਵਾਈ ਕਰਤਾ ਹਨ। ਦੁਬਈ, ਕੁਵੇਤ, ਥਾਈਲੈਂਡ, ਸਿੰਘਾਪੁਰ, ਕੀਨੀਆ, ਤਨਜ਼ਾਨੀਆ, ਇੰਗਲੈਂਡ, ਜਰਮਨੀ, ਡੈਨਮਾਰਕ, ਅਮਰੀਕਾ ਅਤੇ ਕੈਨੇਡਾ ਆਦਿ ਦੇਸ਼ਾਂ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਨਾਮਧਾਰੀ ਚੰਗੇ ਸ਼ਹਿਰੀਆਂ ਦੇ ਤੌਰ ਤੇ ਆਦਰ ਪ੍ਰਾਪਤ ਕਰਦੇ ਆਪਣੇ ਕਾਰੋਬਾਰੀਂ ਜੁਟੇ ਹੋਏ ਹਨ। ਨਾਮਧਾਰੀਆਂ ਨੇ ਬਹੁਤ ਸਾਰੇ ਦੇਸ਼ਾਂ ਅਤੇ ਇਹਨਾਂ ਦੇ ਮੁਖ ਸ਼ਹਿਰਾਂ ਵਿਚ ਆਪਣੇ ਆਰਾਧਨਾ-ਸਥਾਨ ਬਣਾਏ ਹੋਏ ਹਨ ਜਿਥੇ ਮਿਲ ਬੈਠਕੇ ਕੀਰਤਨ, ਭਜਨ ਬੰਦਗੀ ਅਤੇ ਸਮਾਜਕ ਸਮਾਰੋਹ ਕੀਤੇ ਕਰਵਾਏ ਜਾਂਦੇ ਹਨ। ਸਤਿਗੁਰੂ ਜੀ ਬਦੇਸਾਂ ਵਿਚ ਸਮੂਹ ਭਾਰਤੀਆਂ ਨੂੰ ਪਰਸਪਰ ਸਹਿਯੋਗ ਨਾਲ ਰਹਿਣ ਤੋਂ ਇਲਾਵਾ ਦੇਸ਼ਾਂ ਦੇ ਮੂਲ ਨਿਵਾਸੀਆਂ ਨਾਲ ਸਨੇਹ ਸਤਿਕਾਰ ਰਖਣ ਲਈ ਪ੍ਰੇਰਦੇ ਰਹਿੰਦੇ ਹਨ। ਦੇਸ਼ਾਂ ਵਿਦੇਸ਼ਾਂ ਵਿਚ ਨਾਮਧਾਰੀ ਪਰਿਵਾਰਾਂ ਨੂੰ ਵੀ ਆਪ ਨੇ ਮਕਬੂਲ ਕੀਤਾ ਕਰਵਾਇਆ ਹੈ।

ਸਮੇਂ ਨੇ ਸਤਿਗੁਰੂ ਜੀ ਨੂੰ ਇਸ ਗਲ ਦਾ ਵੀ ਸੁਭਾਗ ਦਿਤਾ ਹੈ ਕਿ ਜਿਨ੍ਹਾਂ ਅੰਗ੍ਰੇਜ਼ਾਂ ਨੇ ਕਦੀ ਸਾਰੀ ਦੁਨੀਆਂ ਵਿਚ ਰਾਜ ਕੀਤਾ ਸੀ, ਜਿਨ੍ਹਾਂ ਵਾਸਤੇ ਮਸ਼ਹੂਰ ਸੀ ਕਿ ਉਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਡੁਬਦਾ ਅਤੇ ਜਿਨ੍ਹਾਂ ਨਾਮਧਾਰੀ ਤਹਿਰੀਕ ਨੂੰ ਸਦਾ ਲਈ ਨੇਸਤੋਨਾਬੂਦ ਕਰਨ ਲਈ ਉਸਦੇ ਆਗੂ ਅਤੇ ਬਾਨੀ ਗੁਰੂ ਰਾਮ ਸਿੰਘ ਜੀ ਨੂੰ 1872 ਵਿਚ ਜਲਾਵਤਨ ਕਰ ਨਜ਼ਰਬੰਦੀ ਵਿਚ ਰਖਿਆ। ਉਹਨਾਂ ਦੇ ਘਰ ਸੌ ਸਾਲ ਪਿਛੋਂ ਪਹੁੰਚ ਕੇ ਆਪਣੀ ਹੋਂਦ ਦੀ ਵਧਾਈ ਮਨਾ ਆਏ। ਲੰਡਨ ਦੇ ਈਲਿੰਗ ਹਾਲ ਵਿਚ ਉਥੋਂ ਦੇ ਮੇਅਰ ਦੇ ਸਨਮੁਖ ਜੋ ਪਰਮ ਸਤਿਕਾਰ ਤੇ ਉਤਸ਼ਾਹ ਵਲਾਇਤ ਦੇ ਨਾਮਧਾਰੀਆਂ ਨੇ ਸਤਿਗੁਰੂ ਜੀ ਨੂੰ ਦਿਤਾ, ਇਸਦੀ ਸ਼ਲਾਘਾ ਲੰਡਨ ਦੇ ਮੇਅਰ ਨੇ ਵੀ ਕੀਤੀ।

ਸ਼ਤਾਬਦੀ ਸਾਲ ਨੂੰ ਸਤਿਗੁਰੂ ਜੀ ਨੇ ਹਰ ਖੇਤਰ ਵਿਚ ਨਵੇਂ ਕਦਮ ਵਧਾ ਕੇ ਮਨਾਇਆ। ਭਾਰਤ ਵਿਚ ਅਨੰਦਪੁਰ ਵਿਖੇ 1971 ਦਾ ਹੋਲਾ "ਸ਼ਤਾਬਦੀ ਹੋਲਾ" ਸੀ। ਪਿੰਡ ਪੋਟੇ ਜ਼ਿਲਾ ਫੀਰੋਜ਼ਪੁਰ (ਅਜਕਲ ਫਰੀਦਕੋਟ) ਵਿਚ ਅਨੰਦ ਸ਼ਤਾਬਦੀ ਸਮੇਂ 149 ਜੋੜਿਆਂ ਦੇ ਅਨੰਦ ਕਾਰਜ ਕੀਤੇ ਗਏ, ਜਿਨ੍ਹਾਂ ਨੂੰ ਵੇਖਣ ਲਈ ਦੇਸ਼ ਵਿਦੇਸ਼ ਦੇ ਹਜ਼ਾਰਾਂ ਨਾਗਰਿਕ ਜੁੜੇ। ਸ਼ਹੀਦਾਂ ਦੀ ਯਾਦ ਵਿਚ ਵੀ ਸ਼ਤਾਬਦੀ ਸਮਾਰੋਹ ਹੋਏ। ਸੂਬਾ ਸਾਹਿਬ ਸਿੰਘ ਨੂੰ ਸ਼ਤਾਬਦੀ ਸ਼ਰਧਾਂਜਲੀ ਹਜ਼ਾਰੀ ਬਾਗ਼ ਵਿਖੇ ਸਾਲਾਨਾ ਮੇਲੇ ਅਤੇ ਨਿਰੰਤਰ ਭਜਨ ਵਰਨੀ ਜਾਰੀ ਕਰਕੇ ਦਿਤੀ ਗਈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿਖੀ ਨੂੰ ਚੜ੍ਹਾਈ ਤੇ ਪ੍ਰਫੁਲਤ ਰਖਣ ਲਈ ਜਿਥੇ ਹੋਰ ਕਈ ਤਰੀਕੇ ਅਪਨਾਏ ਹਨ ਇਥੇ ਇਹ ਵੀ ਹੈ ਕਿ ਜੋ ਪਿਤਾ ਕੁਝ ਭਾਵੇਂ ਟੇਢੇ ਹਨ ਤਾਂ ਪੁਤਰਾਂ ਨੂੰ ਆਪਣੇ ਪਿਆਰ ਦੀ ਕਮੰਦ ਪਾ ਨੇੜੇ ਕਰ ਲਿਆ ਤੇ ਸਿਖੀਆਂ ਦਸਤਾਰਾਂ ਨਾਲ ਉਨ੍ਹਾਂ ਦੀ ਸਾਂਝ ਪੁਆ ਦਿਤੀ ਹੈ। ਸ਼ਹੀਦ ਪਰਵਾਰਾਂ ਦੇ ਖਾਨਦਾਨ ਤਲਾਸ਼ ਕਰਕੇ, ਜੋ ਅੰਗ੍ਰੇਜ਼ ਦੇ ਦਬਾਉ ਕਾਰਣ ਅਧੀਨ ਕਿਸੇ ਤਰਾਂ ਦੂਰ ਚਲੇ ਗਏ ਸਨ, ਮੁੜਕੇ ਆਪਣੇ ਸੰਗ ਵਿਚ ਮਿਲਾਂਦਾ ਹੈ।

ਸਤਿਗੁਰੂ ਜੀ ਭਾਰਤ ਦੀ ਨਿਰਵਿਵਾਦ ਸਤਿਕਾਰਤ ਹਸਤੀ ਹਨ। ਵਿਦੇਸ਼ਾਂ ਵਿਚ ਆਪਜੀ ਨੂੰ ਸਾਕਾਹਾਰੀਆਂ ਅਤੇ ਸੰਸਾਰ ਸ਼ਾਂਤੀ ਸੰਗਰਾਮੀਆਂ ਦਾ ਵੱਡਾ ਹਿਮਾਇਤੀ ਮੰਨਿਆ ਜਾਂਦਾ ਹੈ। ਨਾਮਧਾਰੀਆਂ ਨੇ ਸਤਿਗੁਰੂ ਜੀ ਦੀ ਅਗਵਾਈ ਹੇਠ ਵਿਦੇਸ਼ਾਂ ਵਿਚ ਅਨੇਕਾਂ ਸਾਕਾਹਾਰੀ ਕਾਨਫਰੰਸਾਂ ਅਤੇ ਸੰਸਾਰ ਅਮਨ ਨਾਲ ਸੰਬੰਧਤ ਇਕਠਾਂ ਵਿਚ ਭਾਗ ਲਿਆ ਹੈ। ਜਦੋਂ ਕਿਸੇ ਪ੍ਰਕਾਰ ਦੀ ਸਹਾਇਤਾ ਮੰਗੀ ਹੈ, ਮੁਹਈਆ ਕੀਤੀ ਗਈ ਹੈ।

ਸੰਸਾਰ ਵਿਚ ਹੋ ਰਹੀ ਗਿਆਨ ਵਿਗਿਆਨ ਦੀ ਪ੍ਰਗਤੀ ਵਲ ਸਤਿਗੁਰੂ ਜੀ ਨੇ ਸੁਚੇਤ ਰੂਪ ਵਿਚ ਦਿਲਚਸਪੀ ਲੈਂਦਿਆਂ ਸਦਾ ਹੀ ਅਧਿਆਤਮਕ ਮੂਲਾਂ ਦੀ ਉਚਤਾ ਨੂੰ ਬਰਕਰਾਰ ਰਖਿਆ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮੁਖ ਨਿਵਾਸ ਸਥਾਨ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ, ਪੰਜਾਬ ਹੈ। ਸਵਾ ਸਦੀ ਪਹਿਲਾਂ ਏਥੋਂ ਹੀ ਭਾਰਤ ਵਿਚ ਬਰਤਾਨਵੀ ਸਰਕਾਰ ਦੇ ਖਿਲਾਫ ਲਲਕਾਰ ਉਠੀ ਸੀ ਅਤੇ ਇਸ ਸਥਾਨ ਨੂੰ ਸਿਰ ਝੁਕਾਉਣ ਵਾਲਿਆਂ 17-18 ਜਨਵਰੀ 1872 ਨੂੰ ਗਊ ਗਰੀਬ ਅਤੇ ਦੇਸ਼ ਹਿਤ ਚੁੱਕੇ ਕਦਮਾਂ ਦੀ ਸਜ਼ਾ ਵਜੋਂ ਮਲੇਰ ਕੋਟਲੇ ਵਿਖੇ ਤੋਪਾਂ ਅਗੇ ਉਡ ਜਾਣਾ ਪਰਵਾਨ ਕੀਤਾ ਸੀ। ਅਜ ਵੀ ਨਾਮਧਾਰੀ ਸ੍ਰੀ ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ, ਦੇਸ਼ ਦੀ

ਮੁਖਧਾਰਾ ਨਾਲ ਜੁੜੇ ਹੋਏ ਭਾਰਤ ਦੀ ਸੁਤੰਤਰਤਾ ਦੀ ਪ੍ਰਪਤੀ ਲਈ ਸਲਾਘਾ ਯੋਗ ਰੋਲ ਅਦਾ ਕਰ ਰਹੇ ਹਨ।

ਹੋਲੇ ਦਾ ਪੁਰਬ ਹਰ ਸਾਲ ਆਉਂਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਤਾ ਸਮੇਂ ਵਿਚ ਅਜ ਤਕ 25 ਹੋਲੇ ਭਾਰਤ ਵਿਚ ਹੋਏ ਹਨ, ਜਿਨ੍ਹਾਂ ਵਿਚੋਂ 1966 ਦਾ ਹੋਲਾ ਦਿਲੀ ਵਿਚ ਹੋਇਆ। ਇਕ ਹੋਲਾ ਥਾਈਲੈਂਡ ਵਿਖੇ, ਦੂਜਾ ਪਿਛਲੇ ਸਾਲ ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ। ਤੀਜਾ ਵਿਦੇਸ਼ ਹੋਲਾ ਤਨਜ਼ਾਨੀਆ ਵਿਚ 1985 ਦੇ ਸਾਲ ਵਿਚ ਹੋ ਰਿਹਾ ਹੈ।

ਸ੍ਰੀ ਸਤਿਗੁਰੂ ਜੀ ਦੇ ਗੁਰਗੱਦੀ ਸੰਬੰਧਨ ਦਾ ਇਹ ਰਜਤ ਜਿਅੰਤੀ ਸਾਲ ਹੈ। ਇਸ ਉਪਲਕਸ਼ ਵਿਚ ਦਿਲੀ ਦੇ ਨਾਮਧਾਰੀ ਆਪਣੇ ਆਗੂ ਸ੍ਰ. ਹਰਵਿੰਦਰ ਸਿੰਘ ਹੰਸਪਾਲ ਦੀ ਪ੍ਰੇਰਨਾਂ ਹੇਠ ਭਾਰਤ ਦੀ ਰਾਜਧਾਨੀ ਵਿਚ ਹੋਲੇ ਮਹੱਲੇ ਦਾ ਆਯੋਜਨ ਕਰ ਰਹੇ ਹਨ ਤਾਂ ਕਿ ਆਪਣੇ ਪੂਜਨ ਅਧਿਆਤਮ ਰਾਹਨੁਮਾ ਦਾ ਦੇਸ਼ ਅਤੇ ਦੁਨੀਆਂ ਭਰ ਦੇ ਨਾਮਧਾਰੀਆਂ ਵਲੋਂ ਸਮਿਮਤ ਪਰ ਤਾਜ਼ਾਂ ਭਰਪੂਰ ਅਭਿਨੰਦਨ ਹੋ ਸਕੇ।

ਸਰਬ ਗਿਆਨ ਗਿਆਤਾ, ਦਾਤਾ ਇੱਛਤ ਪਦਾਰਥੋਂ ਕੇ
ਕਰਮ ਵਿਧਾਤਾ, ਤ੍ਰਾਤਾ ਦਾਰਿਦ ਸਮਾਜ ਹੋ।
ਕ੍ਰਿਪਾ ਨਿਧ, ਖਿਮਾ ਸ਼ੀਲ, ਧਰਾ ਸਮ ਧੀਰ ਧਰ
ਗੰਗ ਜਿਉਂ ਸਫੈਦ ਜਲ ਕਰਤ ਸੁਕਾਜ ਹੋ।
ਪਾਵਨ ਸੁਗੰਧ, ਜਹਾਂ ਬੈਸੇਂ ਤਹਾਂ ਫੂਲ ਖਿਲੇਂ
ਸੁਮਤੀ ਬਹਾਰੇਂ ਔ ਭਰੇ ਆਪ ਲਾਜ-ਪਾਜ ਹੋ।
ਜੀਤਾ ਜੁਗ ਜੀਓ, ਜੀਓ 'ਪ੍ਰੀਤਮ' ਕੇ ਅੰਗ ਸੰਗ
ਤੁਮ ਜਗਜੀਤ ਸਿੰਘ ਐਸੇ ਮਹਾਰਾਜ ਹੋ।

ਗੁਰ ਜਗਜੀਤ ਬਿਨਾ ਸੁਖ ਨਾਹੀਂ

—ਸ੍ਰ: ਅਮਰੀਕ ਸਿੰਘ ਅੰਮ੍ਰਿਤਸਰ ਕਲਾਂ

ਅਜ ਪੰਜਾਬ ਦੀ ਧਰਤੀ ਵਿਚੋਂ ਉਠਣ ਅਗਣ ਭਬੂਕੇ ।
ਇਸ ਅਗਨੀ ਨੇ ਕਈ ਮਾਸੂਮਾਂ ਨੂੰ ਕੋਹਿਆ ਘਰ ਫੂਕੇ ।
ਸਹਿਮ ਤੇ ਨਫਰਤ ਦਹਿਸ਼ਤ ਗਰਦੀ ਪਸਰੀ ਚਾਰ ਚੁਫੇਰੇ ।
ਵਾੜ-ਖੇਤ ਆਪੋ ਵਿਚ ਲੜਦੇ ਹੋਵਨ ਜ਼ੁਲਮ ਘਨੇਰੇ ।
ਅਕਲ ਦੀ ਗੱਲ ਕਰੇ ਜੇ ਕੋਈ ਉਸ ਦੀ ਧੌਣ ਭਨੀਂਦੀ ।
ਹੋਣੀ ਅਜ ਹਾਬੜ ਕੇ ਪਾਪੀ ਰਤ ਲੋਕਾਂ ਦੀ ਪੀਂਦੀ ।
ਧਰਮ ਧਰਤੀਆਂ ਦੂਸ਼ਤ ਹੋਈਆਂ ਧਰਮੀ ਬਣੇ ਅਧਰਮੀ ।
ਛੱਡ ਗੁਰਾਂ ਦੀਆਂ ਗੱਲਾਂ ਸਭਿ ਫਸ ਗਈ ਇਕ ਧੋਖਧਮੀ ।
ਪੱਗ ਕਿਸੇ ਦੀ ਨਹੀਂ ਸੁਰਖਿਅਤ, ਖ਼ਤਰੇ ਵਿਚ ਨੇ ਜਾਨਾਂ ।
ਬਦ ਅਮਨੀ ਚੋਂ ਅਮਨ ਭਾਲਦੇ ਹੋਇਆ ਲੋਕ ਕੁਦਾਨਾ ।
ਉਹ ਹੋਇਆ ਜੋ ਕਦੇ ਨਾਂ ਹੋਇਆ ਲਹੂ ਸਰੋਵਰ ਰਲਿਆ ।
ਇਜ਼ਤ ਮਾਨ ਮਿੱਟੀ 'ਚ ਮਿਲ ਗਏ ਪਿਛਲਾ ਕਰਮ ਹੀ ਫਲਿਆ।
ਬਿਨ ਸੋਚੀ ਅਕਲਵਾਦੀ ਸਮਝੋ ਇਹ ਸਭ ਕੁਝ ਹੈ ਹੋਇਆ ।
ਲਹੂ ਤੇ ਮਾਸ ਨੇ ਇਕ ਦੂਜੇ ਦਾ ਜਿਓਂ ਵਿਸ਼ਵਾਸ ਹੀ ਖੋਇਆ ।
ਐਸੇ ਮਹਾ ਭਿਆਨਕ ਵੇਲੇ ਯਾਦ ਓਹ ਧਰਤੀ ਆਵੈ ।
ਜਿਸ ਥਾਂ ਆ ਕੇ ਵੈਰੀ ਦੇ ਗਲ ਵੈਰੀ ਬਾਹਾਂ ਪਾਵੈ ।
ਇਸ ਧਰਤੀ ਦੇ ਪਾਣੀ ਵਿਚ ਨੇ ਉਹ ਠੰਢੀਆਂ ਤਾਸੀਰਾਂ ।
ਪੀਂਦਿਆਂ ਮਨੋਂ ਵਿਰੋਧਾਂ ਭਰੀਆਂ ਮਿਟ ਜਾਣ ਤਕਸੀਰਾਂ ।
ਇਸ ਧਰਤੀ ਦੇ ਮਾਲਕ ਤਾਈਂ ਇਕ ਨਜ਼ਰੇ ਜੋ ਤੱਕੇ ।
ਮਨ ਨਿਰਮਲ ਤਨ ਉਜਲ ਹੋਵਨ ਮਨਮਤ ਡੇਰਾ ਚੱਕੇ ।
ਆਓ ਭਟਕ ਰਹੇ ਇਨਸਾਨੋਂ ਭੈਣੀ ਸਾਹਿਬ ਆਓ ।
ਚਰਨੀਂ ਲਗ ਕੇ ਤਪਦੇ ਹਿਰਦੇ ਠੰਢੇ ਠਾਰ ਬਨਾਓ ।
ਧੁੰਨੀ ਵਿਚ ਕਸਤੂਰੀ ਹੁੰਦਿਆਂ ਜੰਗਲਾਂ ਵਿਚ ਨਾ ਭਾਲੋ ।
ਨਾਮ ਸਰੋਵਰ ਦੇ ਵਿਚ ਆ ਕੇ ਆਪਣਾ ਆਪ ਹੰਗਾਲੋ ।
ਅਮਨ ਦੇਵਤਾ ਦੀ ਮਾਲਾ ਵਿਚ ਧਾਰ ਪਰੁੱਚਣਾ ਚਾਹੋ ।
ਭੈਣੀ ਸਾਹਿਬ ਕੋਲੋਂ ਹੋਵੇ ਮਨੋ ਕਦੂਰਤ ਦਫ਼ਾ ।
ਨਫਰਤ ਨਾਲ ਨਾ ਨਫਰਤ ਮਿਟਦੀ ਗੁਰ ਜਗਜੀਤ ਇਹ ਦੱਸਦੇ।
ਉਸ ਅੰਦਰ ਰੱਬ ਵੱਸਦੇ ਜਿਸ ਦਮ ਪਿਆਰ ਜਿਦ੍ਹੇ ਵਿਚ ਵੱਸਦੇ ।
ਅੱਗ ਲਗੇ ਤਾਂ ਨਸਿਆਂ ਭਜਿਆਂ ਭੜਕੇਗੀ ਨਾ ਬੁਝਣੀ ।
ਇਸਨੂੰ ਸ਼ਾਂਤ ਕਰਨ ਲਈ ਏਦਾਂ ਵਿਓਂਤ ਕਦੇ ਨਾ ਸੁਝਣੀ ।
ਭੈਣੀ ਸਾਹਿਬ ਅਮਨ ਦੀ ਧਰਤੀ ਤੇ ਕੱਠੇ ਹੋ ਬਹੀਏ ।
ਜਿਸ ਨੇ ਮਨ ਦੀ ਅਗਨ ਬੁਝਾਣੀ ਉਸ ਦੇ ਚਰਨੀਂ ਪਈਏ ।
ਸੁਣ 'ਅਮਰੀਕ' ਭਟਕ ਨਾ ਐਵੇਂ ਨਾ ਕਰ ਜੱਕੋ ਤੱਕੇ ।
ਗੁਰ ਜਗਜੀਤ ਬਿਨਾਂ ਸੁਖ ਨਾਹੀਂ ਦਰ ਦਰ ਖਾ ਨਾ ਧੱਕੇ ।

ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ

☐ ਬੀਬੀ ਬੇਅੰਤ ਕੌਰ ਐਮ. ਏ. ਬੀ. ਟੀ.

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬੈਂਕੌਕ ਵਿਖੇ ਰੇਪ ਕੀਤੇ ਹੋਏ ਭਾਸ਼ਣਾਂ ਵਿਚ ਸਕੂਲ ਬਾਰੇ ਵਰਨਣ ਆਉਂਦਾ ਹੈ, "ਇਥੇ ਆ ਕੇ, ਇਹ ਗਲ ਸੁਣ ਕੇ, ਮੇਰਾ ਦਿਲ ਬਹੁਤ ਦੁਖੀ ਹੋਇਆ ਹੈ, ਕਿ ਇਕ ਸਕੂਲ ਨਹੀਂ ਬਣਾ ਸਕੇ ਇੰਨੇ ਚਿਰਾਂ ਤਕ ਕੇ।" ਇਸ ਤੋਂ ਸਪਸ਼ਟ ਹੁੰਦਾ ਹੈ ਕਿ ਆਪ ਜੀ ਨੂੰ ਇਕ ਚੰਗਾ, ਵਧੀਆ ਨਾਮਧਾਰੀ ਸਕੂਲ ਖੋਹਲਣ ਦੀ ਕਿੰਨੀ ਕੁ ਰੀਝ ਸੀ। ਉਸੇ ਰੀਝ ਤੇ ਰਜ਼ਾ ਤੇ ਫੁਲ ਚੜ੍ਹਾਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਦੋਂ ਆਪ ਜੀ ਨੇ 5 ਨਵੰਬਰ, 1981 ਨੂੰ ਜੀ-8, ਮਾਨਸਰੋਵਰ ਗਾਰਡਨ ਵਿਖੇ ਅਪਣੇ ਪਵਿਤ੍ਰ ਕਰ-ਕੰਵਲਾਂ ਰਾਹੀਂ ਸਕੂਲ ਦੇ ਦਰਵਾਜ਼ੇ ਤੇ ਲਗੀ ਫੀਤੇ ਨੂੰ ਕੱਟ ਕੇ ਪਟਾਖਿਆਂ ਦੀ ਗੂੰਜ ਵਿਚ ਸਕੂਲ ਦਾ ਉਦ-ਘਾਟਨ ਕੀਤਾ। ਸਕੂਲ ਦਾ ਨਾਮ, ਅਣਖੀਲੇ, ਤੇਜਸਵੀ, ਦੇਸ਼-ਭਗਤੀ ਤੇ ਪਿਆਰ ਨਾਲ ਔਤ-ਪ੍ਰੋਤ, ਭੋਲੇ-ਭਾਲੇ, ਮਾਸੂਮ ਸਤਿਗੁਰੂ ਪ੍ਰੀਤਮ ਦੀ ਰਜ਼ਾ ਵਿਚ ਰਹਿਣ ਵਾਲੇ ਸੁੰਦਰ ਵੀਰ ਬਾਰ੍ਹਾਂ ਸਾਲ ਦੇ ਬਾਲਕ ਸ਼ਹੀਦ ਬਿਸ਼ਨ ਸਿੰਘ ਦੇ ਨਾਮ ਤੇ ਰਖਿਆ। ਥੋੜ੍ਹੀ ਜਿਹੀ ਜਗ੍ਹਾ ਨੂੰ ਸੁੰਦਰ ਢੰਗ ਨਾਲ ਸੁਸੱਜਿਤ ਕਰ ਕੇ ਵੱਖ-ਵੱਖ ਤਰ੍ਹਾਂ ਦੇ ਝੂਲਿਆਂ ਦਾ ਪ੍ਰਬੰਧ ਕਰ ਕੇ ਆਧੁਨਿਕ ਤਰੀਕਿਆਂ ਅਨੁਸਾਰ ਵਿਦਿਆ-ਪ੍ਰਦਾਨ ਕਰਨ ਲਈ ਵੱਖ-ਵੱਖ ਤਰ੍ਹਾਂ ਦੇ ਸਾਧਨ ਜੁਟਾ ਕੇ, ਬੱਚਿਆਂ ਦੇ ਨਿਤ-ਪ੍ਰਤਿ ਲੋੜਾਂ ਨੂੰ ਪੂਰਾ ਕਰਨ ਦਾ ਉਪਰਾਲਾ ਕੀਤਾ ਗਿਆ। ਸਕੂਲ ਨੂੰ ਸੁਚਾਰੂ ਰੂਪ ਵਿਚ ਚਲਾਣ ਵਾਸਤੇ ਮੈਨੇਜਿੰਗ ਕਮੇਟੀ ਦਾ ਸੰਗਠਨ ਕੀਤਾ ਗਿਆ ਤੇ ਵਧੀਆ ਟਰੇਂਡ ਅਧਿਆਪਕਾਵਾਂ ਨੂੰ ਨਿਯੁਕਤ ਕੀਤਾ ਗਿਆ। ਵੱਖ-ਵੱਖ ਸਾਲਾਂ ਵਿਚ ਬੱਚਿਆਂ ਦੀ ਗਿਣਤੀ ਇਸ ਪ੍ਰਕਾਰ ਰਹੀ ਹੈ :—

1981	—	1982	ਵਿਚ ਬੱਚਿਆਂ ਦੀ ਗਿਣਤੀ	31
1982	—	1983	,, ,, ,,	104
1983	—	1984	,, ,, ,,	144
1984	—	1985	,, ,, ,,	270

ਸ੍ਰੀ ਸਤਿਗੁਰੂ ਜੀ ਦੇ ਪਵਿਤ੍ਰ-ਪਾਵਨ ਕਰ ਕੰਵਲਾਂ ਰਾਹੀਂ ਲਗਾ ਪੌਦਾ ਹੁਣ ਇਕ ਵਡੇ ਬ੍ਰਿਖ ਦੀ ਥਾਂ ਲੈ ਰਿਹਾ ਹੈ। ਇਸ ਲਈ ਜੀ-8 ਮਾਨਸਰੋਵਰ ਦੀ ਜਗ੍ਹਾ ਹੁਣ ਛੋਟੀ ਪੈ ਰਹੀ ਸੀ। ਛੋਟੇ-ਛੋਟੇ ਕਮਰੇ ਹੁਣ ਬੱਚਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਿਚ ਅਸਮਰਥ ਸਨ।

ਬੱਚਿਆਂ ਦੀ ਵਧ ਰਹੀ ਗਿਣਤੀ ਨੂੰ ਧਿਆਨ ਵਿਚ ਰਖਦਿਆਂ ਹੋਇਆਂ, ਸਕੂਲ ਮੈਨੇਜਿੰਗ ਕਮੇਟੀ ਨੇ ਪੁਰਾਣੇ ਸਕੂਲ ਦੇ ਨੇੜੇ ਹੀ ਇਕ ਵਡਾ ਪਲਾਟ ਤਕਰੀ-ਬਨ 2200 ਗਜ਼ ਦਾ ਖਰੀਦ ਲਿਆ ਤੇ ਇਸ ਦੀ ਉਸਾਰੀ ਦਾ ਪ੍ਰੋਗਰਾਮ ਇਕ ਦਮ ਝੱਟ ਹੀ ਬਣਾ ਲਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 7 ਜੁਲਾਈ, ਵੀਰਵਾਰ 1983 ਨੂੰ ਇਸ ਨਵੇਂ ਖਰੀਦੇ ਪਲਾਟ ਅੰਦਰ ਅਪਣੇ ਪਵਿਤ੍ਰ-ਕਰ ਕੰਵਲਾਂ ਰਾਹੀਂ ਸੰਗਮਰਮਰ ਦੀ ਆਧਾਰ-ਸ਼ਿਲਾ ਰਖ ਕੇ ਸਕੂਲ ਦੀ ਬਿਲਡਿੰਗ ਦੀ ਉਸਾਰੀ ਦਾ ਕਾਰਜ ਆਰੰਭਿਆ। ਫਿਰ ਭਲਾ ਇਸ ਕਾਰਜ ਨੂੰ ਸਿਰੇ ਚਾੜ੍ਹਨ ਵਿਚ ਦੇਰ ਕਿਵੇਂ ਲਗ ਸਕਦੀ ਸੀ? ਸਕੂਲ ਦੀ ਮੈਨੇਜਿੰਗ ਕਮੇਟੀ ਤੇ ਦਿਲੀ ਦੀ ਸਾਧ-ਸੰਗਤ ਨੇ ਮਿਲ ਕੇ ਦਿਨ-ਰਾਤ ਅਣਥੱਕ ਮਿਹਨਤ ਕੀਤੀ, ਜਿਸ ਦੇ ਫਲ-ਸਰੂਪ ਇਕ ਬੜੀ ਸ਼ਾਨਦਾਰ, ਹਵਾਦਾਰ, ਵਧੀਆ, ਉੱਤਮ ਬਿਲਡਿੰਗ ਸਕੂਲ ਵਾਸਤੇ ਬਣ ਕੇ ਤਿਆਰ ਹੋ ਗਈ ਤੇ 1984-1985 ਦਾ ਸੈਸ਼ਨ ਜੁਲਾਈ ਵਿਚ ਨਵੇਂ ਸਕੂਲ ਵਿਚ ਹੀ ਸ਼ੁਰੂ ਹੋਇਆ।

